ਮਾਸਿਕ

# ਸੀਸ ਗੰਜ

# SIS GANJ

Volume 58 April 2021 Issue 4 Rs. 5

ਤਿਲਕ ਜੰਞੂ ਰਾਖਾ ਪ੍ਰਭ ਤਾਕਾ । ਕੀਨੋ ਬਡੋ ਕਲੂ ਮਹਿ ਸਾਕਾ ।



# ਇਸ ਮਹੀਨੇ ਦਾ ਵਿਚਾਰ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ॥

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥੩॥

ਵਾਢੀਆ - ਵਾਂਢੇ ਗਈਆਂ ਹੋਈਆਂ ਪਰਦੇਸਣਾਂ, ਵਿੱਛੁੜੀਆਂ ਹੋਈਆਂ, ਟੁੱਟੀਆਂ ਹੋਈਆਂ। ਪ੍ਰੇਮ ਬਿਛੋਹੁ - ਪ੍ਰੇਮ ਦਾ ਵਿਛੋੜਾ। ਪ੍ਰੇਮ ਦਾ ਅਰਥ 'ਵਾਹਿਗੁਰੂ' ਲਾ ਕੇ ਬੀ ਅਰਥ ਕਰੀਦਾ ਹੈ। ਧੋਹੁ - ਧੋਖੇ ਵਾਲੀ, ਕਲਤ੍ਰ - ਇਸਤ੍ਰੀ, ਪਲਚਿ ਪਲਚਿ - ਫਸ ਫਸ ਕੇ। ਦਯੁ - ਪਰਮੇਸੁਰ, ਵਿਗੁਚਣਾ - ਵਿਗੋਚੇ ਵਿਚ ਆਉਣਾ; ਖੁਆਰ ਹੋਣਾ। ਸੋਇ - ਸ਼ੋਭਾ। ਪਰਾਪਤਿ - ਇਸ ਪਦ ਦਾ ਅਰਥ ਪ੍ਰਤਖ ਬੀ ਕਰਦੇ ਹਨ, ਕਿ ਮੈਨੂੰ ਪ੍ਰਤਖ ਹੋ ਕੇ ਮਿਲੋ। ਹੇ ਪ੍ਰਭੂ ਮੈਨੂੰ ਮਿਲੋ ਜੋ ਮੈਂ 'ਆਪਤਿ' ਤੋਂ ਪਰੇ ਹੋ ਜਾਵਾਂ ਪਰ ਭਾਵ ਇਹ ਜਾਪਦਾ ਹੈ ਕਿ ਮਿਲਕੇ ਫੇਰ ਨਾ ਵਿਛੁੜਨ ਦੀ ਬੇਨਤੀ ਮੁਰਾਦ ਹੈ। 'ਪਰਾਪਤਿ ਹੋਇ' ਵਿਚ ਇਹ ਧੁਨੀ ਬੀ ਹੈ ਕਿ, ਆਪ ਵੱਲ ਰੁਖ਼ ਨਹੀਂ, ਜਿਸ ਦਾ ਮੋਹ ਹੈ ਝੂਠੇ ਧੰਦਿਆਂ ਵਿਚ ਉਸ ਨੂੰ ਆਪ ਹੀ ਪ੍ਰਾਪਤ ਹੋਕੇ ਮਿਲੋ।

### ਅਰਥ:

(ਵੈਸਾਖ ਵਿਚ ਯਾ) ਵੈਸਾਖ (ਦੁਆਰਾ ਉਪਦੇਸ਼ ਕਰਦੇ ਹਨ ਕਿ ਓਹ) ਵਿਛੁੜੀਆਂ ਹੋਈਆਂ ਕਿਵੇਂ ਧੀਰਜ ਧਾਰਨ ਕਰ ਸਕਣ ਜਿਨ੍ਹਾਂ ਨੂੰ ਕਿ ਪ੍ਰੇਮ ਦਾ ਵਿਛੋੜਾ ਹੈ। (ਭਾਵ ਪਤੀ ਮਿਲਾਪ ਵਿਚ ਤਾਂ ਨਹੀਂ ਹਨ, ਪਰ ਪਤੀ ਪ੍ਰੇਮ ਵਿਚ ਬੀ ਨਹੀਂ ਹਨ, ਓਹ ਮਾਇਕ ਪ੍ਰੇਮ ਵਿਚ ਹਨ) (ਉਹਨਾਂ ਨੂੰ) ਹਰੀ ਵਰਗੇ ਸੱਜਣ ਪਤੀ ਨੂੰ ਭੁਲਾ ਕੇ ਛਲ ਰੂਪ ਮਾਇਆ ਦੀ (ਪ੍ਰੀਤਿ) ਲੱਗੀ ਹੋਈ ਹੈ। (ਮਾਇਕ ਸਾਮਾਨ ਹਨ) ਪੁਤ੍ਰ ਇਸਤ੍ਰੀ, ਧਨ, ਇਨ੍ਹਾਂ ਵਿਚੋਂ (ਕਿਸੇ ਬੀ) ਨਾਲ ਨਹੀਂ ਜਾਣਾ, (ਪਰ) ਓਹ ਹਰੀ (ਜੋ ਜੀਵਾਂ ਦੇ ਚਿਤ ਚੇਤੇ ਨਹੀਂ ਹੈ) ਨਾਸ਼ ਰਹਿਤ ਹੈ (ਤੇ ਸਦਾ ਅੰਗ ਸੰਗ ਹੈ। ਹੋਰ ਸਾਰੇ) ਧੰਦੇ ਝੂਠੇ ਹਨ (ਜੋ) ਮੋਹ (ਮਾਯਾ ਰੂਪ) ਹਨ, (ਇਨ੍ਹਾਂ ਵਿਚ) ਫਸ ਫਸ ਕੇ ਸਾਰੀ ਸ੍ਰਿਸ਼ਟੀ ਮਰ ਰਹੀ ਹੈ, (ਜੋ) ਇਕ ਹਰੀ ਦੇ ਸ੍ਰੇਸ਼ਟ ਤੋਂ ਸੱਖਣੀ ਹੋਣ ਕਰਕੇ ਅੱਗੇ (ਗਈ ਹੋਈ ਰਾਹ ਵਿਚ ਹੀ) ਲੁੱਟੀ ਜਾਂਦੀ ਹੈ। ਪਰਮੇਸਰ ਨੂੰ ਵਿਸਾਰ ਕੇ (ਆਪੇ) ਵਿਗੋਚੇ ਦੇ ਮੂੰਹ ਆਉਣਾ ਹੈ (ਯਾ ਖ਼ਰਾਬ ਹੋਣਾ ਹੈ, ਕਿਉਂਕਿ ਅਗੇ ਦਾ ਸਹਾਈ) ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ। (ਅੱਗੇ ਜਾ ਕੇ ਤਾਂ) ਜੋ (ਜੀਉਂਦਿਆਂ ਹੀ) ਪ੍ਰਭੂ ਦੀ ਸ਼ਰਣ ਨੂੰ ਪ੍ਰਾਪਤ ਹੋਏ ਹਨ ਉਨ੍ਹਾਂ ਦੀ ਹੀ ਨਿਰਮਲ ਸ਼ੋਭਾ ਹੁੰਦੀ ਹੈ। (ਇਸ ਲਈ) ਨਾਨਕ ਦੀ ਪ੍ਰਭੂ (ਪਾਸ ਇਹ) ਬੇਨਤੀ ਹੈ ਕਿ ਹੇ ਪ੍ਰਭੂ! (ਐਸੀ ਵਿਛੁੜੀ ਹੋਈ ਨੂੰ) ਮਿਲੋ (ਤੇ ਫੇਰ) ਪ੍ਰਾਪਤ ਹੋਏ ਰਹੋ। ਸੋ ਵੈਸਾਖ (ਦਾ ਮਹੀਨਾ) ਤਾਂ ਸੁਖਦਾਈ ਲੱਗੇ ਜੇ (ਪਹਿਲਾਂ) ਸੰਤ ਮਿਲੇ ਤੇ (ਫੇਰ) ਮਿਲ ਪਵੇ ਉਹ ਹਰੀ (ਹਰਿ ਅਵਿਨਾਸੀ ਓਹੁ)॥੩॥

ਟੀਕਾਕਾਰ: ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਜਿਲਦ - 58, ਨੰਬਰ - 4
ਅਪ੍ਰੈਲ - 2021, ਚੇਤ/ਵੈਸਾਖ 2077-78

# ਸੀਸ ਗੰਜ

ਐਡੀਟੋਰੀਅਲ ਬੋਰਡ:
ਸ. ਮਨਜਿੰਦਰ ਸਿੰਘ ਸਿਰਸਾ
ਬੀਬੀ ਰਣਜੀਤ ਕੌਰ
ਸ. ਕੁਲਵੰਤ ਸਿੰਘ ਬਾਠ
ਸ. ਹਰਮੀਤ ਸਿੰਘ ਕਾਲਕਾ
ਸ. ਹਰਵਿੰਦਰ ਸਿੰਘ ਕੇ.ਪੀ.

ਮੁੱਖ ਸੰਪਾਦਕ : ਸ. ਮਨਜਿੰਦਰ ਸਿੰਘ ਸਿਰਸਾ
ਸੰਪਾਦਕ : ਸ. ਪਰਮਜੀਤ ਸਿੰਘ ਰਾਣਾ
ਸਹਿ-ਸੰਪਾਦਕ : ਸ. ਜਤਿੰਦਰਪਾਲ ਸਿੰਘ ਨਰੂਲਾ
ਡਾ. ਮਨਪ੍ਰੀਤ ਸਿੰਘ

ਪ੍ਰਿੰਟਰ ਤੇ ਪਬਲਿਸ਼ਰ : ਧਰਮਿੰਦਰ ਸਿੰਘ, ਜਨਰਲ ਮੈਨੇਜਰ

'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ।

ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।

Printer and Publisher Dharminder Singh - General Managar for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi - 110001.

Email : dsgmcdelhi@gmail.com
Website : www.dsgmc.in
For Enquiry : 23712580-81-82
23737328-29
104 (Extn.)
Total Pages : 1 to 64 (With Cover)

: ਚੰਦੇ ਦਾ ਵੇਰਵਾ :

| | |
|---|---|
| ਭੇਟਾ ਇੱਕ ਕਾਪੀ | 5/-ਰੁਪਏ |
| ਸਾਲਾਨਾ ਚੰਦਾ ਦੇਸ਼ | 50/-ਰੁਪਏ |
| ਲਾਈਫ਼ ਮੈਂਬਰ ਦੇਸ਼ | 500/-ਰੁਪਏ |
| ਸਾਲਾਨਾ ਚੰਦਾ ਵਿਦੇਸ਼ | 500/-ਰੁਪਏ |
| ਲਾਈਫ਼ ਮੈਂਬਰ ਵਿਦੇਸ਼ | 5000/-ਰੁਪਏ |

: ਚੰਦਾ ਭੇਜਣ ਦਾ ਪਤਾ :

ਜਨਰਲ ਮੈਨੇਜਰ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰੂ ਗੋਬਿੰਦ ਸਿੰਘ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1

## ਸੀਸ ਗੰਜ ਦੇ ਇਸ ਅੰਕ ਵਿੱਚ...

ਸੰਪਾਦਕੀ
ਪ੍ਰਗਟਯੋ ਖ਼ਾਲਸਾ 4



ਮਨਜਿੰਦਰ ਸਿੰਘ ਸਿਰਸਾ
ਪ੍ਰਧਾਨ, ਦਿੱ.ਸਿੱ.ਗੁ.ਪ੍ਰ.ਕਮੇਟੀ

ਖ਼ਾਲਸਾ ਮੇਰੀ ਜਾਨ ਕੀ ਜਾਨ 5




ਡਾ. ਮਨਪ੍ਰੀਤ ਸਿੰਘ
ਸਹਿ-ਸੰਪਾਦਕ

ਵੈਸਾਖੁ ਭਲਾ... 7



ਡਾ. ਓਅੰਕਾਰ ਸਿੰਘ
ਫੀਨਿਕਸ ਅਮੈਰਿਕਾ

ਭਾਈ ਮਤੀ ਦਾਸ ਜੀ ਦੀ ਅਜ਼ੀਮ ਸ਼ਹਾਦਤ 14



ਰਾਜਿੰਦਰ ਸਿੰਘ ਜਾਲੀ
ਵਿਰਜੀਨੀਆ, ਯੂ.ਐਸ.ਏ.

ਗੁਰੂ ਤੇਗ ਬਹਾਦਰ ਜੀ ਦੇ ਨਿਕਟਵਰਤੀ ਅਤੇ ਹਮਦਰਦ ਸ਼ਰਧਾਲੂ 34
ਡਾ. ਪਰਮਵੀਰ ਸਿੰਘ

ਕਰੀਮ ਖਾਂ ਉਧਾਰ 38
ਡਾ. ਭਾਈ ਵੀਰ ਸਿੰਘ

ਧਰਮ ਪ੍ਰਚਾਰ ਕਮੇਟੀ ਅਤੇ
ਦਿੱ. ਸਿੱ. ਗੁ. ਪ੍ਰ. ਕਮੇਟੀ ਦੀਆਂ ਸਰਗਰਮੀਆਂ 40

ਚਿੱਠਾ ਆਮਦਨ ਖਰਚ 53

ਅਪ੍ਰੈਲ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ 61

ਨੋਟ : ਚੈਕ 'ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ' ਦੇ ਨਾਂਅ 'ਤੇ ਬਣਾਏ ਜਾਣ।



ਸੰਪਾਦਕੀ....

# ਪ੍ਰਗਟਯੋ ਖ਼ਾਲਸਾ

ਸਿੱਖ ਪੰਥ ਦੀ ਸਭ ਤੋਂ ਅਹਿਮ ਘਟਨਾਵਾਂ ਵਿਚੋਂ ਖਾਲਸਾ ਸਿਰਜਨਾ ਇਕ ਅਹਿਮ ਤੇ ਮਹੱਤਵਪੂਰਨ ਘਟਨਾ ਹੈ। ਪੰਥ ਦੀ ਸਿਰਜਨਾ ਜਿਹੜੀ ਕਿ 1699 ਈ. ਵਿਚ ਹੋਈ ਨਾਲ ਸਿੱਖ ਧਰਮ ਇਕ ਨਿਸ਼ਚਿਤ ਸੰਗਠਿਤ ਤੇ ਸੰਸਥਾਗਤ ਰੂਪ ਵਿੱਚ ਬੱਜ ਗਿਆ। ਗੁਰੂ ਨਾਨਕ ਸਾਹਿਬ ਦੁਆਰਾ ਵਰਸੋਇਆ ਸਿੱਖ ਧਰਮ ਦੱਸ ਗੁਰੂ ਸਾਹਿਬਾਨ ਦੀ ਛਤਰ-ਛਾਇਆ ਹੇਠ ਨਿਰੰਤਰ ਵੱਧ-ਫੁੱਲ ਰਿਹਾ ਹੈ। ਜਿਸ ਵਿਚਾਰ ਨੂੰ ਪਹਿਲੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ 'ਚ ਸ਼ਾਮਿਲ ਕੀਤਾ ਉਸੇ ਨੂੰ 10ਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਮਲੀ ਰੂਪ ਦਿੱਤਾ। ਸਾਰੇ ਗੁਰੂ ਸਾਹਿਬਾਨਾਂ ਦੀ ਆਪਣੇ-ਆਪਣੇ ਪ੍ਰਸੰਗ 'ਚ ਅਦੁੱਤੀ ਦੇਣ ਹੈ। ਇਸ ਅਦੁੱਤੀ ਦੇਣ ਦਾ ਅਸਚਰਜ ਰੂਪ ਖਾਲਸਾ ਪ੍ਰਗਟ ਕਰਕੇ ਮਨੁੱਖ ਨੂੰ ਸੰਪੂਰਨ ਕਰਨ ਲਈ ਨਿਵੇਕਲਾ ਜਲੌਅ ਭਰ ਦਿੱਤਾ। ਜਿਸ ਖਰੀ ਉਡੀਨੀ ਵਾਟ ਤੇ ਗੁਰੂ ਸਾਹਿਬ ਆਪ ਤੁਰੇ ਉਸੇ ਰਸਤੇ 'ਤੇ ਕੌਮ ਨੂੰ ਤੁਰਨ ਲਈ ਤਿਆਰ ਕੀਤਾ ਗਿਆ ਅਤੇ ਪਰਖ ਲਈ ਇਹ ਹੁਕਮ ਕਰ ਦਿੱਤਾ ਸੀ।

ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਓ ਮੈ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ। ਮੈ ਨਾ ਕਰਉ ਇਨ ਕੀ ਪਰਤੀਤ।।

ਖਾਲਸੇ ਉਸ ਸੰਪੂਰਨ ਮਨੁੱਖ ਦੀ ਘਾੜਤ ਹੈ ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ ਉਸ ਤੇ ਖਾਲਸਾ ਮਹਿਲ ਬਾਕੀ 9 ਗੁਰੂ ਸਾਹਿਬਾਨਾਂ ਨੇ ਉਸਾਰਿਆ। ਖਾਲਸਾ ਅਜਿਹੀ ਸ਼ਖਸੀਅਤ ਹੈ ਜਿਸ ਨੇ ਪਹਿਲਾਂ ਆਪੇ ਨੂੰ ਕਾਬੂ ਕੀਤਾ ਤੇ ਯੁੱਗ ਪਲਟ ਸਕਣ ਦੀ ਸ਼ਕਤੀ ਦਾ ਪ੍ਰਤੀਕ ਬਣਿਆ। ਆਪਣੇ ਅੰਦਰਲੀਆਂ ਕੁਰੀਤੀਆਂ ਕਮਜ਼ੋਰੀਆਂ ਨੂੰ ਛੱਡੇ ਬਗੈਰ ਇਹ ਸਭ ਕੁਝ ਨਹੀਂ ਹੋ ਸਕਦਾ ਸੀ ਅਤੇ ਅੱਗੋਂ ਵੀ ਨਹੀਂ ਹੋ ਸਕੇਗਾ। ਬਾਹਰੀ ਰੂਪ ਨੂੰ ਉਜਾਗਰ ਕਰਨ ਤੋਂ ਪਹਿਲਾਂ ਗੁਰੂ ਸਾਹਿਬਾਨਾਂ ਨੇ ਗੁਰੂ ਦੇ ਸਿੱਖ ਨੂੰ ਅੰਦਰੂਨੀ ਤੌਰ 'ਤੇ ਮਜ਼ਬੂਤ ਬਣਾਇਆ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਸੰਦੇਸ਼ ਦਿੱਤਾ ਜਿਸ ਨਾਲ ਆਪਣੇ ਅੰਦਰੋ ਕੁਰੀਤੀਆਂ ਨੂੰ ਕੱਢ ਕੇ ਉਸ ਵਿਚ ਕੁਰਬਾਨੀ ਦਾ ਜਜ਼ਬਾ ਭਰਿਆ ਜਾ ਸਕਦਾ ਹੈ ਅਤੇ ਖਾਲਸਾ ਅਜਿਹੀ ਹੀ ਕੌਮ ਹੈ ਜਿਸ ਵਿਚ ਸੱਚ ਲਈ ਕੁਰਬਾਨੀ ਦੇਣ ਲਈ ਭਾਵਨਾ ਨੂੰ ਦ੍ਰਿੜ੍ਹ ਕੀਤਾ ਗਿਆ ਹੈ। ਗੁਰੂ ਜੀ ਦਾ ਇਹ ਨਿਰਾਲਾ ਕਦਮ ਸੀ ਜਿਸ ਰਾਹੀਂ ਕੌਮ ਨੂੰ ਨਵੀਂ ਦਿਸ਼ਾ ਪ੍ਰਾਪਤ ਹੋ ਗਈ ਜਿਥੇ ਅੱਜ ਸਮੁੱਚੀ ਕੌਮ ਖਾਲਸਾ ਸਾਜਣਾ ਦਿਵਸ ਨੂੰ ਸਮਰਪਿਤ ਹੋ ਕੇ ਸਮਾਗਮ ਕਰਵਾ ਰਹੀ ਹੈ। ਉਥੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਹੋ ਕੇ ਸਮੁੱਚੀ ਕੌਮ ਕਥਾ-ਕੀਰਤਨ, ਗੁਰਮਤਿ ਸਮਾਗਮਾਂ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਇਤਿਹਾਸ ਅਤੇ ਬਾਣੀ ਨਾਲ ਜੋੜਨ ਲਈ ਯਤਨਸ਼ੀਲ ਹੈ। ਆਪ ਸਾਰੇ ਆਪਣੇ ਬੱਚਿਆਂ ਨੂੰ ਗੁਰੂ ਸਾਹਿਬ ਦੇ ਇਤਿਹਾਸ ਨਾਲ ਜੋੜੋ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਉ। ਆਪ ਸਭ ਨੂੰ ਖਾਲਸਾ ਸਾਜਨਾ ਦਿਵਸ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਗੁਰਪੁਰਬ ਸ਼ਤਾਬਦੀ ਦੀਆਂ ਬੇਅੰਤ ਵਧਾਈਆਂ।

-ਮਨਜਿੰਦਰ ਸਿੰਘ ਸਿਰਸਾ

ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਖਾਲਸਾ ਮੇਰੀ ਜਾਨ ਕੀ ਜਾਨ...



ਸਿਖ ਧਰਮ ਦੁਨੀਆ ਦੇ ਸਭ ਧਰਮਾਂ ਨਾਲੋਂ ਨਵੀਨਤਮ ਹੈ। ਜੇ ਸਿਧਾਂਤ ਨੂੰ ਅਮਲੀ ਰੂਪ ਨਾ ਦਿਤਾ ਜਾਏ ਤਾਂ ਉਸਦੇ ਅਲੋਪ ਹੋਣ ਦਾ ਖਤਰਾ ਬਣਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਪੂਰਵਵਰਤੀ, ਸਮਕਾਲੀ ਅਤੇ ਉਤਰਕਾਲੀਨ ਵਿਚਾਰਕਾਂ, ਰੂਹਾਨੀ ਪੁਰਸ਼ਾਂ ਅਤੇ ਸੰਤਾਂ ਦੀ ਵਿਚਾਰਧਾਰਾ ਕਿਸੇ ਸੰਗਠਨ ਦਾ ਰੂਪ ਧਾਰਨ ਨਹੀ ਕਰ ਸਕੀ ਅਤੇ ਹਮੇਸ਼ਾ ਲਈ ਕਿਸੇ ਅੰਧਕਾਰ ਵਿਚ ਲੋਪ ਹੋਕੇ ਰਹਿ ਗਈ। ਪਰ ਗੁਰੂ ਨਾਨਕ ਸਾਹਿਬ ਅਤੇ ਬਾਕੀ ਗੁਰੂ ਸਾਹਿਬਾਨ ਇਸ ਉਦੇਸ਼ ਨੂੰ ਅਮੱਲੀ ਜਾਮ੍ਹਾ ਪਹਿਨਾਉਣ ਲਈ ਨਿਰੰਤਰ ਯਤੱਨਸ਼ੀਲ ਰਹੇ ਅਤੇ ਗੁਰੂ ਸਾਹਿਬਾਨਾਂ ਵਲੋਂ ਇਸ ਸਿਧਾਂਤ ਨੂੰ ਅਮਲੀ ਰੂਪ ਦੇਣਾਂ ਹੀ ਇਸ ਨਵੇਕਲੀ ਸੰਸਥਾ 'ਸਿੱਖ ਪੰਥ' ਦੇ ਨਿਰਮਾਣ ਦਾ ਮੁੱਢ ਸੀ। ਇਸੇ ਤਰ੍ਹਾਂ ਸੰਸਥਾਂਵਾਂ ਦਾ ਵਿਕਾਸ ਹੁੰਦਾ ਗਿਆ ਅਤੇ ਸਿੱਖ ਪੰਥ ਦਾ ਸੰਗਠਿਤ ਰੂਪ ਸਾਹਮਣੇ ਆਇਆ। ਇਸ ਰੂਪ ਨੂੰ ਸੰਪੂਰਣਤਾ ਦੇ ਸਿਖਰ ਤਕ ਲੈਕੇ ਜਾਣ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਨਿਵੇਕਲਾ ਯੋਗਦਾਨ ਸੀ। ਗੁਰੂ ਗੋਬਿੰਦ ਸਿੰਘ ਜੀ ਭਾਰਤ ਦੇਸ਼ ਦੇ ਲੋਕਾਂ ਨੂੰ ਹਜ਼ਾਰਾਂ ਵਰ੍ਹੇ ਦੀ ਗੂੜ੍ਹੀ ਨੀਂਦਰ ਤੋਂ ਜਗਾਉਣ ਵਾਲੇ ਤੇਜ ਪ੍ਰਕਾਸ਼ਪਮਈ ਸੂਰਜ ਹਨ; ਅਜ਼ਾਦੀ ਦੀ ਪਰੀ ਨੂੰ ਵਰਨ ਲਈ ਸਿਰ-ਧੜ ਦੀ ਬਾਜ਼ੀ ਲਾ ਕੇ ਮੈਦਾਨ ਵਿਚ ਉਤਰਨ ਵਾਲੇ ਸੈਨਾਨੀਆਂ ਦੇ ਸੈਨਾਪਤੀ ਹਨ; ਚਿੜੀਆਂ ਵਰਗੀ ਕੌਮ ਵਿਚ ਬਾਜ਼ ਨਾਲ ਟੱਕਰ ਲੈਣ ਦੀ ਸਮਰੱਥਾ ਪੈਦਾ ਕਰਨ ਵਾਲੇ ਰਾਸ਼ਟਰ-ਨਿਰਮਾਤਾ ਹਨ। ਉਨ੍ਹਾਂ ਵਰਗਾ ਦੁਨੀਆ ਵਿਚ ਹੋਰ ਕੌਣ ਹੋਵੇਗਾ, ਜਿਨ੍ਹਾ ਦੇ ਪਿਤਾ ਸ਼ਹੀਦ, ਮਾਤਾ ਸ਼ਹੀਦ ਤੇ ਜਿਨ੍ਹਾ ਦੇ ਚਾਰੇ ਦੇ ਚਾਰੇ ਸਾਹਿਬਜ਼ਾਦੇ ਵੀ ਸ਼ਹੀਦ ਹੋਏ ਹੋਣ। ਆਪ ਜੀ ਇਕ ਪਾਸੇ ਗਹਿਰ ਗੰਭੀਰ ਧਾਰਮਿਕ ਆਗੂ, ਬੰਦਗੀ ਦੇ ਸ਼ਿਖ਼ਰ ਦੀ ਮੂਰਤਿ, ਤੀਰ-ਤਲਵਾਰ ਨਾਲ ਰਣ-ਤੱਤੇ ਵਿਚ ਉਤਰਨ ਵਾਲੇ ਜੋਧੇ ਅਤੇ ਕਲਗੀਆਂ ਵਾਲੇ ਹੁੰਦਾ ਹੋਇ ਵੀ 'ਨਾ ਸਾਜ਼ੋ ਨਾ ਬਾਜ਼ੋ ਨਾ ਫੌਜੋ ਨਾ ਫਰਸ਼' ਭਾਵ ਫਰਸ਼ਾਂ ਉਤੇ ਸਉਣ ਵਾਲੇ ਫਕੀਰ। ਆਪ ਜੀ ਧੜੱਲੇਦਾਰ ਕਵੀ ਅਤੇ ਕਵੀਆਂ ਦਾ ਕਦਰਦਾਨ ਵੀ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਇਸ ਧਰਤੀ ਉਤੇ ਇਕ ਖਾਸ ਉਦੇਸ਼ ਨੂੰ ਮੁੱਖ ਰਖ ਕੇ ਅਕਾਲ ਪੁਰੱਖ ਵਾਹਿਗੁਰੂ ਵਲੋ ਕੀਤੀ ਗਈ ਸੀ। ਗੁਰੂ ਸਾਹਿਬ ਜੀ ਅਪਣੇ ਬਚਨਾ ਅਨੁਸਾਰ ਅਕਾਲ ਪੁਰਖ ਦੀ ਕ੍ਰਿਪਾ ਨਾਲ ਹੀ ਅਸੀ ਇਸ ਧਰਮ ਕਾਰਜ ਲਈ ਧਰਤੀ ਨੂੰ ਤਾਰਨ ਆਏ ਹਾਂ। ਇਸ ਬਾਰੇ ਗੁਰੂ ਗੋਬਿੰਦ ਸਿੰਘ ਆਪਣੀ ਬਾਣੀ ਵਿਚ ਹੀ ਦਸਦੇ ਹਨ ਕਿ:-

**ਹਮ ਇਹ ਕਾਜ ਜਗਤ ਮੋ ਆਏ ॥**
**ਧਰਮ ਹੇਤ ਗੁਰਦੇਵਿ ਪਠਾਏ ॥**
**ਜਹਾ ਤਹਾ ਤੁਮ ਧਰਮ ਬਿਥਾਰੋ ॥**
**ਦੁਸਟ ਦੋਖਯਨਿ ਪਕਰਿ ਪਛਾਰੋ ॥**

ਗੁਰੂ ਸਾਹਿਬ ਦਾ ਇਸ ਧਰਤੀ 'ਤੇ ਆਉਣ ਦਾ ਉਦੇਸ਼ ਨਾ ਸਿਰਫ ਧਰਮ ਦੀ ਸਿਖਿਆਂਵਾਂ ਨੂੰ ਪ੍ਰਚਾਰਨਾ ਸੀ ਬਲਕਿ ਧਰਮ ਦੀ ਖਿਲਾਫਤ ਕਰਨ ਵਾਲੇ ਜ਼ਾਲਮ ਦੀ ਜੜ੍ਹ ਪੱਟਣੀ ਅਤੇ ਜ਼ੁਲਮ ਦਾ ਨਾਸ਼ ਕਰਨਾ ਸੀ। ਇਸ ਉਦੇਸ਼ ਨੂੰ ਦ੍ਰਿੜ੍ਹ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਪੁਰਬਲੇ ਜਨਮਾਂ ਦੀ ਬੰਦਗੀ ਦਾ ਹਵਾਲਾ ਦਿਤਾ ਨਾਲ ਹੀ ਅਪਣੇ ਪਿਤਾ ਗੁਰੂ ਤੇਗ਼ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦੀ ਅਥਾਹ ਬੰਦਗੀ ਅਤੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਨ ਦਾ ਜ਼ਿਕਰ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵਾਕ ਅਨੁਸਾਰ:-

**ਤਾਤ ਮਾਤ ਮੁਰ ਅਲਖ ਅਰਾਧਾ ॥**
**ਬਹੁ ਬਿਧਿ ਜੋਗ ਸਾਧਨਾ ਸਾਧਾ ॥**
**ਤਿਨ ਜੋ ਕਰੀ ਅਲਖ ਕੀ ਸੇਵਾ ॥**
**ਤਾ ਤੇ ਭਏ ਪ੍ਰਸੰਨਿ ਗੁਰਦੇਵਾ ॥**
**ਤਿਨ ਪ੍ਰਭ ਜਬ ਆਇਸੁ ਮੁਹਿ ਦੀਆ ॥**
**ਤਬ ਹਮ ਜਨਮ ਕਲੂ ਮਹਿ ਲੀਆ ॥**

ਗੁਰੂ ਸਾਹਿਬ ਜੀ ਨੇ ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਦ ਗੁਰਤਾਗਦੀ ਉਪਰ ਬੈਠਣ ਉਪਰਨਤ ਹੀ ਇਹ ਦਿੜ੍ਹ ਨਿਸ਼ਚਾ ਕਰ ਲਿਆ ਸੀ ਕਿ ਹੁਣ ਜ਼ੁਲਮ ਦਾ ਟਾਕਰਾ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਦੇ ਸਿੱਖੀ ਸਿਧਾਂਤਾਂ ਨੂੰ ਅੱਮਲੀ ਰੂਪ ਦੇਣ ਦੀ ਲੋੜ੍ਹ ਹੈ। ਉਸ ਵੇਲੇ ਦੀ ਸਭ ਤੋਂ ਵੱਡੀ ਸਮਾਜਿਕ ਕੁਰੀਤੀ ਜ਼ਾਤ ਪ੍ਰਥਾ ਨੂੰ ਠੱਲ ਪਾਉਣ ਲਈ ਗੁਰੂ ਸਾਹਿਬ ਜੀ ਨੇ ਆਪਸੀ ਭਾਈਚਾਰੇ ਦੀ ਸਾਂਝ ਨੂੰ ਦ੍ਰਿੜ੍ਹ ਕਰਨ ਉਪਰ ਜ਼ੋਰ ਦਿਤਾ। ਜ਼ੁਲਮ ਦੇ ਖਿਲਾਫ ਅਵਾਜ਼ ਚੁਕੱਣ, ਜ਼ੁਲਮ ਨਾਲ ਟਾਕਰਾ ਲੈਣ ਅਤੇ ਉਸਨੂ ਖਤਮ ਕਰਨ ਲਈ ਅਪਣਾ ਆਪ ਕੁਰਬਾਨ ਕਰ ਦੇਣ ਵਾਲੀ ਸੈਨਿਕ ਸ਼ਕਤੀ ਅਤੇ ਸੈਨਿਕਵਾਦ ਨੂੰ ਧਰਮ ਦੀ ਇਕ ਵਸਤੂ ਕਰਕੇ ਅੰਤਿਮ ਰੂਪ ਵਿਚ ਅਪਣਾ ਲੈਣਾ ਅਤੇ ਗੁਰੂ ਨਾਨਕ ਸਹਿਬ ਅਤੇ ਬਾਕੀ ਗੁਰੂ ਸਾਹਿਬਾਨਾ ਜੀ ਵਲੋਂ ਬਖ਼ਸ਼ੇ ਰੁਹਾਨਿਅਤ ਭਰਪੂਰ ਬਾਣੀ ਨੂੰ ਹਿਰਦੇ ਵਿਚ ਵਸਾ ਕੇ ਸੰਤ ਸਿਪਾਹੀ ਦੇ ਰੂਪ ਵਿਚ ਦੁਨਿਆ ਦੇ ਸਾਹਮਣੇ ਪ੍ਰਗਟ ਕੀਤਾ। ਮਸੰਦਾਂ ਦੀ ਉਚਤਾ ਅਤੇ ਪੁਜਾਰੀਪੁਣੇ ਦੀ ਸਸੰਥਾ ਦੇ ਅੰਤ ਅਤੇ ਇਕ ਅਕਾਲ ਪੁਰਖ ਵਾਹਿਗੁਰੂ ਉਤੇ ਆਸਥਾ ਅਤੇ ਪੂਰਨ ਵਿਸ਼ਵਾਸ ਰਖਣ ਦੀ ਤਾਕੀਦ ਕੀਤੀ। ਇਸ ਸਾਰੇ ਕਾਰਜਾਂ ਨੂੰ ਅਮਲੀ ਰੂਪ ਦੇਣ ਵਜੋਂ ਗੁਰੂ ਸਾਹਿਬ ਜੀ ਨੇ ਖ਼ਾਲਸਾ ਸਾਜਨਾ ਕੀਤੀ। ਪਰੰਤੂ ਭਾਵੇਂ ਕਿ ਵਿਚਾਰਧਾਰਾ ਨਵੀ ਸੀ ਪਰ ਇਸ ਦੀ ਉਸਾਰੀ ਪੁਰਵਵਰਤੀ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਉੱਤੇ ਹੀ ਕੀਤੀ ਗਈ ਸੀ ਅਤੇ ਖਾਲਸੇ ਨਾਲ ਸੰਬੰਧਿਤ ਬਹਤ ਸਾਰੇ ਵਿਚਾਰ ਕਾਫੀ ਚਿਰ ਪਹਿਲੋਂ ਹੀ ਸਿਖ ਮਤ ਵਿਚ ਵਿਕਸਿਤ ਹੋ ਚੁਕੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਕਰਕੇ ਪੰਜ ਸਿਖਾਂ ਨੂੰ ਖਾਲਸੇ ਦੀ ਪ੍ਰਤੀਨਿਧਤਾ ਕਰਨ ਦੇ ਯੋਗ ਬਣਾ ਦਿਤਾ ਸੀ ਅਤੇ ਸਿਖਾਂ ਨੂੰ ਦ੍ਰਿੜਾਇਆ ਕਿ ਜਿੱਥੇ ਪੰਜ ਸਿਖ ਇਕਠੇ ਹੋਣਗੇ, ਗੁਰੂ ਉਨ੍ਹਾਂ ਵਿਚ ਹਾਜ਼ਰ ਹੋਣਗੇ। ਗੁਰੂ ਗੋਬਿੰਦ ਸਿੰਘ ਜੀ ਦਾ ਦੇਸ਼, ਕੌਮ ਅਤੇ ਸਰਬੱਤ ਲਈ ਸਰਬੰਸ ਵਾਰਨਾ ਇਸ ਧਰਤੀ ਅਤੇ ਧਰਤੀ ਦੇ ਵਸਨੀਕਾਂ ਲਈ ਵੱਡਾ ਕਰਮ ਹੈ ਅਤੇ ਨਾਲ ਹੀ ਸ਼ਬਦ ਗੁਰੂ ਨੂੰ ਗੁਰਿਆਈ ਬਖ਼ਸ਼ਣੀ ਅਤੇ ਖਾਲਸੇ ਅਤੇ ਅਪਣੇ ਆਪ ਵਿਚ ਕੋਈ ਭੇਤ ਨਾ ਰਖਣਾ, ਇਕ ਰੂਪ ਕਰ ਦੇਣਾ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਾਕੀ ਧਾਰਮਿਕ ਮੁਰਸ਼ਦਾਂ ਨਾਲੋ ਨਵੇਕਲਾ ਬਣਾਉਦਾ ਹੈ। ਗੁਰੂ ਗੋਬਿੰਦ ਦਿੰਘ ਜੀ ਸਿਰਫ ੪੨ ਸਾਲ ਦੀ ਸਰੀਰਕ ਉਮਰ ਵਿਚ ਇਨ੍ਹੇ ਵੱਡੇ ਕਾਰਜ ਕਰ ਗਏ ਜੋ ਕਿ ਕਿਸੀ ਵੀ ਵਿਦਵਾਨ ਦੀ ਕਲਮ ਤੋਂ ਪੂਰਨ ਤੌਰ ਤੇ ਬਿਆਨ ਨਹੀ ਕੀਤੇ ਜਾ ਸਕਦੇ। ਤਾਈਂਓ ਹਕੀਮ ਅਲ੍ਹਾ ਯਾਰ ਖਾਂ ਜੋਗੀ ਨੂੰ ਕਹਿਣਾ ਪਿਆ ਕਿ ਜੇ ਕੋਈ ਇਨਸਾਫ ਦੀ ਤਕੜੀ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਨੂੰ ਬਿਆਨ ਕਰੇ ਤੇ ਉਹ ਗੁਰੂ ਸਾਹਿਬ ਜੀ ਦੇ ਬਖਸ਼ਿਸ਼ ਭਰਪੂਰ ਕਰਾਮਾਂਤਾਂ ਨੂੰ ਬਿਆਨ ਨਹੀ ਕਰ ਸਕੇਗਾ। ਅਤੇ ਗੁਣਾਂ ਤੋਂ ਭਰਭੂਰ ਵਿਸ਼ਾਲ ਸਾਗਰ ਵਰਗੇ ਗੁਰੂ ਗੋਬਿੰਦ ਸਿੰਘ ਜੀ ਦਾ ਕੋਈ ਵੀ ਅੰਤ ਨਹੀ ਪਾਇਆ ਜਾ ਸਕਦਾ।

**ਇਨਸਾਫ ਕਰੇ ਜੀਅ ਮੇ ਜ਼ਮਾਨਾਂ ਤੋ ਯਕੀਂ ਹੈ,**
**ਕਹਿਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀ ਹੈ।**
**ਕਰਤਾਰ ਕੀ ਸੌਗੰਦ ਹੈ ਗੁਰੂ ਨਾਨਕ ਕੀ ਕਸਮ ਹੈ,**
**ਜਿਤਨੀ ਭੀ ਹੋ ਤਾਰੀਫ ਗੁਰੂ ਗੋਬਿੰਦ ਕੀ ਵੋ ਕਮ ਹੈ।**

ਭਾਈ ਨੰਦ ਲਾਲ ਜੀ ਵੀ ਗੁਰੂ ਸਾਹਿਬ ਦੀ ਉਸਤੱਤ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਗੋਬਿੰਦ ਸਿਘ ਜੀ ਅਕਾਲ ਪੁਰਖ ਵਾਹਿਗੁਰੂ ਦੇ ਦਰ ਤੋਂ ਕਬੂਲ ਹੋਏ ਹਨ ਅਤੇ ਗੁਰੂ ਪਾਤਿਸ਼ਾਹ ਕੋਲ ਅਕਾਲ ਪੁਰਖ ਦੇ ਰੁਹਾਨੀ ਖ਼ਜ਼ਾਨੇ ਦੀ ਚਾਬੀ ਹੈ।

**ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ,**
**ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ**
**ਹਕਰਾ ਗਨਜ਼ੂਰ ਗੁਰੂ ਗੋਬਿੰਦ ਸਿੰਘ**
**ਜ਼ੁਮਲਾ ਫੈਜ਼ਏ ਨੂਰ ਗੁਰੂ ਗੋਬਿੰਦ ਸਿੰਘ ।**

ਬੇਅੰਤ ਗੁਣਾਂ ਦੇ ਖ਼ਜ਼ਾਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸਿਫਤ ਬਿਆਨ ਤੋਂ ਪਰਾਂ ਹੈ। ਉਨ੍ਹਾਂ ਦਾ ਰੁਹਾਨੀ ਜੀਵਨ ਬਿਆਨ ਕਰੀਏ, ਉਨ੍ਹਾਂ ਦੀ ਸੂਰਮਤਾਈ ਗਤੀ ਨੂੰ ਬਿਆਨ ਕਰੀਏ, ਉਨ੍ਹਾਂ ਦੀ ਦਰੀਆਦਿਲੀ ਉਨ੍ਹਾਂ ਦੀ ਵਿਦੱਵਤਾ ਨੂੰ ਬਿਆਨ ਕਰੀਏ, ਉਨ੍ਹਾਂ ਦੇ ਅਸੀਮ ਦਾਨੀ ਅਤੇ ਸਰਬੰਸ ਦਾਨੀ ਸੁਭਾ ਨੂੰ ਬਿਆਨ ਕਰੀਏ ਜਾਂ ਗੁਰੂ ਸਾਹਿਬ ਦਾ ਆਪਣੇ ਸਿਖਾਂ ਸੇਵਕਾਂ ਪ੍ਰਤੀ ਪਿਆਰ ਬਿਆਨ ਕਰੀਏ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਕੋਈ ਵੀ ਪੱਖ ਬਿਆਨ ਕਰਨ ਦੀ ਕੋਸ਼ਿਸ਼ ਤੇ ਕੀਤੀ ਜਾ ਸਕਦੀ ਹੈ ਪਰ ਪੂਰਨ ਤੋਰ ਤੇ ਬਿਆਨ ਨਹੀ ਕੀਤਾ ਜਾ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦੇ ਉਪਕਾਰ ਅਤੇ ਦੂਰਅੰਦੇਸ਼ੀ ਸੋਚ ਨੂੰ ਸੱਚੇ ਦਿਲੋਂ ਪ੍ਰਣਾਮ ਹੀ ਕੀਤਾ ਜਾ ਸਕਦਾ ਹੈ।

-ਡਾ. ਮਨਪ੍ਰੀਤ ਸਿੰਘ
(ਸਹਿ-ਸੰਪਾਦਕ ਸੀਸ ਗੰਜ ਮੈਗਜ਼ੀਨ)

# ਵੈਸਾਖੁ ਭਲਾ...



ਵੈਸਾਖ਼ ਮਹੀਨੇ ਦਾ ਸਮਾਂ ਸਿੱਖ ਜਗਤ ਲਈ ਵਿਸ਼ੇਸ਼ ਧਿਆਨ ਅਤੇ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ। ਧਰਮ ਚਲਾਵਨ ਅਤੇ ਸੰਤ ਉਬਾਰਨ ਦੇ ਨਵੇਂ ਨਵੇਕਲੇ ਪ੍ਰੋਗਰਾਮ ਲਈ ਕੁਦਰਤ ਦੇ ਇਸ ਸੁਹਾਵਣੇ ਸਮੇਂ ਤੇ ਸੰਨ 1469 ਨੂੰ ਰਾਇ ਭੋਇ ਦੀ ਤਲਵੰਡੀ ਵਿਖੇ, ਰੱਬ ਕਲਾ ਧਾਰਕੇ ਆਪ ਖ਼ੁਦ ਹੀ ਇਸ ਧਰਤੀ ਤੇ ਉਤਰ ਆਇਆ, ਮੁਸਕਰਾਇਆ ਅਤੇ ਸਭ ਕੁੱਝ ਚਾਨਣ ਚਾਨਣ ਹੋ ਗਿਆ। ਅੰਧਕਾਰ ਮਿਟ ਗਿਆ। ਸਾਰਾ ਜੱਗ ਪ੍ਰਕਾਸ਼ਿਤ ਹੋ ਗਿਆ। ਰੱਬ ਜੀ ਨੇ ਆਪਣਾ ਨਾਂ ਰੱਖ ਲਿਆ ਨਾਨਕ। ਮਰਦਾਨਾਂ ਜੀ ਨੂੰ ਕਿਹਾ ਚੱਲ ਆਪਾਂ ਤਪਦੇ ਬਲ਼ਦੇ ਸੰਸਾਰ ਨੂੰ ਠਾਰਨ ਲਈ ਸਤਿ-ਨਾਮ ਦਾ ਛੱਟਾ ਦੇਣ ਚੱਲੀਏ। ਬਹੁਤ ਸਫ਼ਰ ਕੀਤਾ। ਬਹੁਤ ਗਾਇਆ। ਧੁਰ ਕੀ ਬਾਣੀ ਆਉਂਦੀ ਗਈ, ਉਹ ਗਾਉਂਦੇ ਰਹੇ। ਠੱਗ ਸੱਜਣ ਬਣਦੇ ਗਏ। ਪਾਪ ਕੀ ਜੰਞ ਲਿਆਉਣ ਵਾਲ਼ੇ ਜਾਬਰ, ਬਾਬਰ ਨੂੰ ਵੀ ਘੂਰਿਆ। ਪੂਰਨ ਮਨੁੱਖ ਦੀ ਬਣਨ ਵਾਲ਼ੀ ਤਸਵੀਰ ਦੇ ਨਵੇਂ ਰੰਗ ਉਘੜਨੇ ਸ਼ੁਰੂ ਹੋ ਗਏ। ਰਸ-ਅੰਮ੍ਰਿਤ ਖੀਰ ਘਿਆਲੀ ਦੇ ਲੰਗਰ ਚੱਲੇ। ਸੰਗਤ ਅਤੇ ਪੰਗਤ ਇੱਕ-ਮਿੱਕ ਕਰ ਦਿੱਤੇ ਗਏ। ਵਕਤ ਦੇ ਬਾਦਸ਼ਾਹ ਨੇ ਵੀ ਭੁੰਜੇ ਬੈਠ ਕੇ ਆਪਣੀ ਪਰਜਾ ਨਾਲ ਰੱਬ ਦੇ ਘਰੋਂ ਲੰਗਰ ਛਕਿਆ। ਸੰਸਾਰ ਤੇ ਪਹਿਲੀ ਵਾਰੀ ਹਰਿ ਦਾ ਮੰਦਰ ਸਾਜਿਆ ਗਿਆ। ਧੁਰ ਕੀ ਬਾਣੀ ਦਾ ਗੁਰੂ-ਗ੍ਰੰਥ ਬਣਿਆਂ। ਹਰੀ ਦੇ ਬਣਾਏ ਮੰਦਰ ਵਿੱਚ ਰੱਬੀ-ਗ੍ਰੰਥ ਦਾ ਪ੍ਰਕਾਸ਼ ਹੋਇਆ।

ਘੜੇ ਜਾ ਰਹੇ ਪੂਰਨ ਮਨੁੱਖ ਨੂੰ ਮਰਣ-ਆਨੰਦ ਦੀ ਜਾਚ ਸਿਖਾਉਣ ਲਈ ਰੱਬ ਤੱਤੀ ਤਵੀ ਤੇ ਬਹਿ ਗਿਆ। ਹੱਸਦਾ ਰਿਹਾ। ਮੁਸਕਰਾਉਂਦਾ ਰਿਹਾ। ਕੋਈ ਰੱਬ ਦਾ ਸਾਈਂ ਆ ਕੇ ਕਹਿੰਦਾ, ਓ ਰੱਬਾ! ਆਖੇਂ ਤਾਂ ਮੈਂ ਇਨ੍ਹਾਂ ਅੰਧ-ਅਗਿਆਨੀਆਂ ਦੀ ਇੱਟ ਨਾਲ ਇੱਟ ਖੜਕਾ ਦਿਆਂ? ਹੁਕਮ ਹੋਇਆ, ਨਹੀਂ ਸਾਈਂ ਜੀਓ! ਇਹ ਮੇਰੀ ਆਪਣੀ ਰਜ਼ਾ ਹੈ, ਮਿੱਠੀ ਲੱਗ ਰਹੀ ਹੈ। ਹੁਕਮ ਦੇ ਰੰਗ ਵੇਖੋ। ਭਾਣੇ ਵੱਲ ਪਿੱਠ ਨਹੀਂ ਕਰਨੀ।

ਆਗਿਆ ਹੋਈ ਪੂਰਨ ਮਨੁੱਖ ਨੂੰ ਤਖ਼ਤ ਦਾ ਵਾਰਿਸ ਬਨਾਉਣ ਲਈ ਅਕਾਲ ਦਾ ਤਖ਼ਤ ਬਣਾਇਆ ਜਾਏ। ਹਰੀ-ਮੰਦਰ ਦੇ ਸਨਮੁੱਖ ਅਕਾਲ ਦਾ ਤਖ਼ਤ ਸਥਾਪਤ ਕੀਤਾ ਗਿਆ। ਪੂਰਨ ਮਨੁੱਖ ਦੀ ਤਸਵੀਰ ਵਿੱਚ ਪੀਰੀ ਦੇ ਨਾਲ ਮੀਰੀ ਅਤੇ ਭਗਤੀ ਨਾਲ ਸ਼ਕਤੀ ਦਾ ਰੰਗ ਭਰਿਆ। ਸੰਤ ਨੂੰ ਸਿਪਾਹੀ ਵੀ ਬਣਾ ਦਿੱਤਾ ਗਿਆ।

ਹਾਂ ਜੀ ਤੇ ਫਿਰ ਰੱਬ ਨੇ ਪੰਜ ਸਾਲ ਦੇ ਬਾਲਕ ਦਾ ਰੂਪ ਧਾਰ ਲਿਆ। ਕੋਈ ਕਹਿੰਦਾ ਤੂੰ ਕਿਵੇਂ ਰੱਬ ਹੋ ਸਕਦਾ ਹੈਂ? ਇੰਨਾਂ ਛੋਟਾ ਬੱਚਾ ਵੀ ਕੋਈ ਰੱਬ ਹੁੰਦਾ ਹੈ? ਜੇ ਰੱਬ ਹੈਂ ਤਾਂ ਫਿਰ ਰੱਬ ਦੀ ਗੀਤਾ ਦੇ ਗੀਤ ਸੁਣਾ ਕੇ ਦੱਸ ਮੈਨੂੰ। ਓਏ ਭੋਲਿਓ! ਰੱਬ ਤਾਂ ਗੂੰਗਿਆਂ ਦੇ ਮੂੰਹੋਂ ਵੀ ਧੁਰ ਕੀ ਬਾਣੀ ਸਰਵਣ ਕਰਵਾ ਸਕਦਾ ਹੈ। ਲਿਆਓ ਮੇਰੇ ਕੋਲ ਗੂੰਗੇ ਨੂੰ ਮੈਂ ਹੁਣੇ ਅਰਥ ਕਰਵਾ ਕੇ ਦਸਦਾ ਹਾਂ। ਫਿਰ ਸਭ ਨੇ ਵੇਖਿਆ ਰੱਬ ਜੀ ਨੇ ਕੀ ਕੀਤਾ। ਦੁਨਿਆਵੀ ਪਾਤਸ਼ਾਹ ਇਸ ਬਾਲਕ-ਰੱਬ ਦੇ ਦੀਦਾਰ ਲਈ ਢਾਈ ਘੜੀਆਂ ਦਰ ਤੇ ਖੜ੍ਹਾ ਉਡੀਕਦਾ ਰਿਹਾ।

ਰੱਬ ਕਹਿੰਦਾ ਚਲੋ ਚਾਂਦਨੀ ਚੌਂਕ ਵਿੱਚ ਖ਼ੁਦ ਆਪ ਜਾਕੇ ਮਨੁੱਖੀ ਹੱਕਾਂ ਦਾ ਝੰਡਾ ਬੁਲੰਦ ਕਰਨ ਲਈ ਇੱਕ ਵਾਰੀ ਫਿਰ ਸ਼ਹੀਦ ਹੋਈਏ। ਪੂਰਨਤਾ ਵਾਲ਼ੇ ਸਫ਼ਰ ਦੇ ਇਨ੍ਹਾਂ ਪਾਂਧੀਆਂ ਨੂੰ ਮਰ ਕੇ ਜਿਊਣ ਦੀ ਹੋਰ ਚੰਗੀ ਤਰ੍ਹਾਂ ਗੁੜ੍ਹਤੀ ਦੇਈਏ ਕਿਉਂਕਿ ਇਨ੍ਹਾਂ ਨੇ ਹੁਣ ਖਾਲਸਾ ਹੋਣਾ ਹੈ। ਇਨ੍ਹਾਂ ਦਾ ਸੰਬੰਧ ਮੇਰੇ ਨਾਲ ਬਣਨਾਂ ਹੈ। ਸਿੱਧਾ ਅਕਾਲ ਨਾਲ। ਤਿਆਗ ਅਤੇ ਵੈਰਾਗ ਦੀ ਮੂਰਤ ਬਣੇ ਰੱਬ ਨੇ ਸ਼ਹੀਦ ਹੋਣ ਤੋਂ ਪਹਿਲਾਂ ਆਨੰਦ ਦੀ ਪੁਰੀ ਵਸਾ ਦਿੱਤੀ ਕਿਉਂਕਿ ਧਰਮ ਚਲਾਵਨ ਲਈ ਇਸੇ ਹੀ ਪੁਰੀ-ਆਨੰਦ ਵਿੱਚੋਂ ਖਾਲਸੇ ਦਾ ਪ੍ਰਕਾਸ਼ ਕਰਨਾ ਸੀ।

ਰੱਬ ਇੱਕ ਦਿਨ ਪਹਾੜੀ ਤੇ ਜਾ ਕੇ ਸੋਚਣ ਬਹਿ ਗਿਆ, ਕਿੰਨੇ ਦਿਨ ਸੋਚਦਾ ਹੀ ਰਿਹਾ ਕਿ ਪੂਰਨ ਮਨੁੱਖ ਦੇ ਸਫ਼ਰ ਦਾ ਇਹ ਪਾਂਧੀ ਹੁਣ ਸਚਿਆਰ ਬਣਨ ਦੀ ਸਿਖ਼ਰ ਤੇ ਹੈ। ਇਸ ਤਸਵੀਰ ਵਿੱਚ ਹੁਣ ਆਖ਼ਰੀ ਰੰਗ ਭਰਨ ਦੀ ਲੋੜ ਹੈ। ਚਲੋ ਇਸ ਨੂੰ ਸਜਾ ਦੇਈਏ ਤਾਂ ਕਿ ਇਹ ਖਾਲਸਾ ਹੋ ਜਾਏ। ਪਰਮਾਤਮ ਕੀ ਮੌਜ ਵਿੱਚ ਪ੍ਰਗਟ ਹੋ ਜਾਏ। ਰੱਬ ਦੀ ਫ਼ੌਜ ਬਣ ਜਾਏ। ਸੰਸਾਰ ਨੂੰ ਅਕਾਲ ਪੁਰਖ਼ ਕੀ ਫੌਜ ਦੀ ਹੁਣ ਲੋੜ ਵੀ ਤਾਂ ਹੈ। ਰੱਬ ਨੇ ਸੋਚਿਆ ਕਿ ਰਾਇ-ਭੋਇ ਦੀ ਤਲਵੰਡੀ ਵਿੱਚ ਮੇਰੇ ਪ੍ਰਕਾਸ਼ ਵਾਲ਼ਾ ਦਿਨ ਹੀ ਇਨ੍ਹਾਂ ਨੂੰ ਸਾਜਣ ਲਈ ਸਭ ਤੋਂ ਸੁਲੱਖਣਾਂ ਹੈ। ਨਾਲੇ ਨਨਕਾਣੇ ਤੋਂ ਅਨੰਦਪੁਰੀ ਦੀ ਯਾਤਰਾ ਦਾ ਇੱਕੋ ਮਾਰਗ ਹੋਏਗਾ। ਨਿਰਮਲ ਪੰਥ ਤੇ ਖਾਲਸਾ ਪੰਥ ਯਕਰੰਗੀ ਹੋਣਗੇ। ਰਬਾਬ ਅਤੇ ਨਗਾਰੇ ਦੀ ਆਵਾਜ਼ ਸਮਸੂਰ ਹੋ ਜਾਏਗੀ।

ਸਜਣ ਲਈ ਸਭ ਨੂੰ ਆਵਾਜ਼ ਮਾਰੀ। ਪਿਆਰਿਆਂ ਨੂੰ ਸੁਨੇਹੇ ਘੱਲੇ। ਅਨੰਦਪੁਰੀ ਵਿੱਚ ਸਜਣ ਵਾਲਿਆਂ ਦਾ ਠਾਠਾਂ ਮਾਰਦਾ ਸਮੁੰਦਰ ਉਮੜ ਆਇਆ। ਵਿਸਾਖੀ ਵਾਲ਼ੇ ਦਿਨ ਸ੍ਰੀ ਸਾਹਿਬ ਮਿਆਨੋਂ ਕੱਢ ਕੇ ਆਵਾਜ਼ ਮਾਰੀ: ਕਿ ਜਿਸ ਨੇ ਮਰਨਾ ਹੈ ਮੇਰੇ ਕੋਲ ਆਓ! ਸਭ ਸੋਚੀਂ ਪੈ ਗਏ ਕਿ ਰੱਬ ਵੀ ਕਦੇ ਕਿਸੇ ਨੂੰ ਮਾਰਦਾ ਹੈ? ਉਹ ਤਾਂ ਸਗੋਂ ਜਿਵਾਉਂਦਾ ਹੈ। ਪਰ ਕੋਈ ਰੱਬ ਦਾ ਸੱਚਾ ਪ੍ਰੀਤਵਾਨ ਉੱਠ ਕੇ ਆ ਗਿਆ। ਕਹਿੰਦਾ! ਮੈਨੂੰ ਮਾਰ ਲਓ ਜੀ, ਮੈਥੋਂ ਥੋੜ੍ਹੀ ਦੇਰ ਹੋ ਗਈ ਹੈ। ਰੱਬ ਨੇ ਉਹਲੇ ਕਰ ਕੇ ਉਸ ਦਾ ਸਭ ਕੁੱਝ ਮਾਰ ਦਿੱਤਾ। ਰੱਬ ਕੁਝ ਚਿਰ ਲਈ ਇੱਦਾਂ ਹੀ ਕਰੀ ਗਿਆ। ਪੰਜ ਵਾਰੀ ਕਰਕੇ ਕਹਿੰਦਾ, ਓ ਭੋਲਿਓ! ਤੁਸੀਂ ਠੀਕ ਹੀ ਤਾਂ ਸੋਚਦੇ ਸੀ ਕਿ ਰੱਬ ਕੋਈ ਮਾਰਦਾ ਥੋੜ੍ਹੀ ਐ! ਰੱਬ ਤਾਂ ਜਿਊਂਦਿਆਂ ਕਰਦਾ ਹੈ। ਮੈਂ ਤਾਂ ਤੁਹਾਨੂੰ ਸਦਾ ਸਦਾ ਲਈ ਜਿਊਂਦਿਆਂ ਕਰਨਾ ਹੈ। ਤੁਸੀਂ ਮਰੇ ਨਹੀਂ ਤੁਸੀਂ ਤਾਂ ਮੇਰੇ ਪਿਆਰੇ ਬਣ ਗਏ ਹੋ। ਸੱਚੀਂ ਮੁੱਚੀਂ ਰੱਬ ਜੀ ਦੇ ਪਿਆਰੇ, ਕਿਉਂਕਿ ਤੁਸੀਂ ਰੱਬੀ-ਆਵਾਜ਼ ਨੂੰ ਹੁੰਗਾਰਾ ਦਿੱਤਾ ਹੈ। ਮੈਂ ਰੱਬ ਹੋਕੇ ਵੀ ਹੁਣ ਤੁਹਾਨੂੰ ਨਤਮਸਤਕ ਹੋਵਾਂਗਾ। ਧਰਤੀ ਤੇ ਮਹਾਂ-ਇਨਕਲਾਬ ਦੀ ਨੀਂਹ ਰੱਖੀ ਗਈ। ਰਚਨਹਾਰ ਨੇ ਆਪਣੀ ਹੀ ਰਚਨਾ ਅੱਗੇ ਸੀਸ ਝੁਕਾ ਦਿੱਤਾ। ਸੰਪੂਰਨ ਮਨੁੱਖ ਸਾਜ ਕੇ ਉਸ ਦੇ ਸੁਹੱਪਣ ਨੂੰ ਨਮਸਕਾਰ ਕੀਤੀ। ਉਲਟੀ ਗੰਗਾ ਵਗ ਗਈ।

ਫਿਰ ਰੱਬ ਕਹਿੰਦਾ ਸੁਣੋ! ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਤੁਸੀਂ ਹੁਣ ਮੇਰੇ ਹੋ, ਮੇਰਾ ਰੂਪ ਹੋ, ਰੱਬ ਦਾ ਰੂਪ ਹੋ। ਸਿੰਘ ਤੇ ਕੌਰ ਬਣ ਗਏ ਹੋ। ਪਰ ਮੇਰੇ ਪਿਆਰੇ ਬੱਚਿਓ! ਤੁਸੀਂ ਮੇਰੇ ਵਰਗੇ ਹੀ ਰਿਹੋ। ਰੱਬ ਵਰਗੀਆਂ ਗੱਲਾਂ ਕਰਿਓ। ਰੱਬ ਬਹੁਤ ਸੁਹਣਾਂ ਜੇ। ਤੁਸੀਂ ਵੀ ਰੱਬ ਵਰਗੇ ਸੁਹਣੇ ਬਣ ਕੇ ਰਿਹੋ। ਰੱਬ ਦੀ ਕੋਈ ਜ਼ਾਤ-ਪਾਤ ਨਹੀਂ ਹੁੰਦੀ। ਤੁਹਾਡੀ ਵੀ ਹੁਣ ਕੋਈ ਜ਼ਾਤ-ਪਾਤ ਨਹੀਂ ਹੈ। ਰੱਬ ਸਰਬੱਤ ਦਾ ਭਲਾ ਮੰਗਦਾ ਹੈ। ਤੁਸੀਂ ਵੀ ਨਿੱਤ ਸਰਬੱਤ ਦਾ ਭਲਾ ਮੰਗਿਓ। ਰੱਬ ਦੇ ਗ੍ਰੰਥ ਵਿੱਚ ਲਿਖਿਆ ਹੈ: ਰੱਬ ਲੰਬੜੇ ਕੇਸਾਂ ਵਾਲ਼ਾ ਜੇ। ਤੁਸੀਂ ਵੀ ਰੱਬ ਵਾਂਗ ਕੇਸਾਂ ਵਾਲ਼ੇ ਹੀ ਰਿਹੋ। ਇਹ ਰੱਬ ਦੀ ਆਪਣੀ ਸੂਰਤ ਹੈ, ਇਸ ਨੂੰ ਕਦੀ ਭੰਨਿਓ ਨਾਂ। ਕਦੀ ਵਿਗਾੜਿਓ ਨਾਂ। ਰੱਬ ਸਭ ਦਾ ਰਖ਼ਵਾਲਾ ਹੈ। ਹੁਣ ਤੁਸੀਂ ਰੱਬ ਜੀ ਦੀ ਫ਼ੌਜ ਹੋ। ਅਕਾਲ ਪੁਰਖ਼ ਦੀ ਫੌਜ। ਫੌਜ ਸਭ ਦੀ ਰਾਖੀ ਕਰਦੀ ਹੈ। ਤੁਸੀਂ ਵੀ ਧੀਆਂ ਭੈਣਾਂ ਦੀ ਰਾਖੀ ਕਰਿਓ। ਮਾਤਾ ਸਾਹਿਬ ਕੌਰ ਦੇ ਸਪੁੱਤਰ ਤੇ ਸਪੁੱਤਰੀਓ! ਸਿੱਖੀ ਦੀ ਸ਼ਮ੍ਹਾਂ ਸਦਾ ਬਲ਼ਦੀ ਰੱਖਿਓ। ਅਨੰਤ ਪ੍ਰਕਾਸ਼ ਦੇ ਸੋਮੇ ਅਨੰਦਪੁਰ ਨੂੰ ਮੈਂ ਤੁਹਾਡਾ ਘਰ ਬਣਾ ਦਿੱਤਾ ਹੈ। ਅਸੀਂ ਸਦਾ ਤੁਹਾਡੇ ਵਿੱਚ ਨਿਵਾਸ ਕਰਾਂਗੇ। ਤੁਸੀਂ ਮੇਰੀ ਜਾਨ ਕੀ ਜਾਨ ਹੋ। ਖਾਲਸਾ ਜੀ! ਤੁਸੀਂ ਹੁਣ ਆਪ ਹੀ ਸਤਿਗੁਰੂਹੋ! ਰੱਬ ਹੋ! ਬੱਸ ਇਹ ਯਾਦ ਰੱਖਿਓ! ਰੱਬ ਨੇ ਬਹੁਤ ਉੱਚੇ-ਸੁੱਚੇ ਬਣਾਇਆ ਤੁਹਾਨੂੰ। ਸਦਾ ਉੱਚੇ ਹੀ ਬਣੇ ਰਿਹੋ। ਗੁਰੂਗ੍ਰੰਥ ਦੀ ਤਾਬਿਆ ਜੋ ਵੀ ਫੈਸਲਾ ਕਰੋਗੇ ਉਹ ਰੱਬ ਦਾ ਫੈਸਲਾ ਹੋਏਗਾ। ਕਦੀ ਬਿਪਰਨ ਕੀਆਂ ਰੀਤਾਂ ਵੱਲ

ਨਾ ਜਾਇਓ! ਨਹੀਂ ਤਾਂ ਰੱਬ ਉਦਾਸ ਹੋਕੇ ਤੁਹਾਡੀ ਪਰਤੀਤ ਕਰਨੀ ਛੱਡ ਦਏਗਾ...।

ਗੁਰੂ ਪਿਆਰਿਓ! ਸਿੱਖੀ ਮਾਰਗ ਦੇ ਬਹੁਤ ਸਾਰੇ ਪਾਂਧੀਆਂ ਨੂੰ ਲੱਗਣ ਲੱਗ ਪਿਆ ਹੈ ਕਿ ਵੈਸਾਖੁ ਭਲਾ ਦੀ ਇਹ ਵਿਸਮਾਦੀ ਗਾਥਾ ਹੁਣ ਪੁਰਾਣੀ ਹੋ ਗਈ ਹੈ। ਕੇਸਾਂ ਸੁਆਸਾਂ ਵਾਲ਼ੇ ਸਰੂਪ ਦੀ ਸ਼ਾਇਦ ਹੁਣ ਕੋਈ ਸਾਰਥਿਕਤਾ ਨਹੀਂ ਰਹਿ ਗਈ। ਅਸਾਂ ਸੰਸਾਰੀਆਂ ਦੀ ਸੋਚ ਅਨੁਸਾਰ ਮਾਡਰਨ ਸਿੱਖੀ ਸਥਾਪਤ ਹੋਣੀ ਚਾਹੀਦੀ ਹੈ। ਸਿੱਖੀ ਸਾਡੇ ਮਨ ਦੀ ਸੋਚ ਅਨੁਸਾਰ ਹੋਣੀ ਚਾਹੀਦੀ ਹੈ। ਹੁਣ ਧਰਮ ਦੀ ਸਥਾਪਿਤ ਮਰਿਯਾਦਾ ਦਾ ਕੋਈ ਅਰਥ ਨਹੀਂ ਰਹਿ ਗਿਆ। ਕਿਸੇ ਮਰਿਯਾਦਾ ਜਾਂ ਸਿਧਾਂਤ ਤੋਂ ਬਿਨਾਂ ਵੀ ਸ਼ਾਇਦ ਅਧਿਆਤਮਕ ਹੋਇਆ ਜਾ ਸਕਦਾ ਹੈ। ਧਰਮ-ਸਿਧਾਂਤਾਂ ਅਤੇ ਮਰਿਯਾਦਾ ਨੂੰ ਬਾਈਪਾਸ ਕਰਕੇ ਵੀ ਧਰਮੀ ਕਹਾਇਆ ਜਾ ਸਕਦਾ ਹੈ। ਇਸ ਸੰਬੰਧੀ ਅਸੀਂ ਬਹੁਤ ਅਟਪਟੀਆਂ ਜਿਹੀਆਂ ਦਲੀਲਾਂ ਵੀ ਘੜ ਘੜ ਕੇ ਸਾਹਮਣੇ ਲਿਆਉਂਦੇ ਹਾਂ। ਸਾਡੇ ਹਿਰਦਿਆਂ ਅੰਦਰ ਇੱਕ ਕਾਹਲ ਜਿਹੀ ਵਾਪਰਦੀ ਹੈ ਕਿ ਅਸੀਂ ਵੱਖਰੇ ਨਾਂ ਦਿਖ ਕੇ ਸੰਸਾਰ ਦੀ ਭੀੜ ਦਾ ਹੀ ਹਿੱਸਾ ਲੱਗੀਏ। ਭੀੜ ਦਾ ਹਿੱਸਾ ਹੋਣਾਂ ਬਹੁਤ ਸੌਖਾ ਹੁੰਦਾ। ਇਹ ਸਭ ਤੋਂ ਸੁਖਾਲ਼ਾ ਰਾਹ ਹੈ ਅਤੇ ਸੌਖਿਆਂ ਰਾਹਾਂ ਤੇ ਤੁਰਨ ਵਾਲਿਆਂ ਦੀ ਗਿਣਤੀ ਹਮੇਸ਼ਾਂ ਵੱਧ ਹੀ ਹੁੰਦੀ ਹੈ। ਪਰ ਯਾਦ ਰੱਖੀਏ ਕਿ ਭੀੜ ਦਾ ਹਿੱਸਾ ਬਣਨ ਵਾਲਿਆਂ ਦੇ ਹਿਰਦਿਆਂ 'ਚ ਸੱਚ ਦੀ ਰੌਸ਼ਨੀ ਧੁੰਧਿਆ ਜਾਂਦੀ ਹੈ। ਗ਼ੁਲਾਮੀ ਵਾਲ਼ੇ ਅਮਲ ਉਨ੍ਹਾਂ ਦੀ ਸੋਚ ਅਤੇ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ। ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ, ਬੋਲ-ਚਾਲ ਅਤੇ ਭਾਸ਼ਾ ਵਿੱਚੋ ਗ਼ੁਲਾਮੀ ਦੀ ਗੰਧ ਆਉਣ ਲੱਗ ਪੈਂਦੀ ਹੈ। ਸਹਿਜੇ ਸਹਿਜੇ ਉਨ੍ਹਾਂ ਦੀ ਪਹਿਚਾਣ ਅਤੇ ਸੁਤੰਤਰ ਸੋਚ ਵਾਲਾ ਨਿਵੇਕਲਾ ਰੰਗ, ਪਸਰ ਗਈ ਗਹਿਰੀ ਧੁੰਧ ਵਿੱਚ ਗੁਆਚ ਜਾਂਦਾ ਹੈ। ਜੱਗ-ਚਾਨਣ ਵਾਸਤੇ ਕਿਸੇ ਨਾਂ ਕਿਸੇ ਨੂੰ ਫਿਰ ਤੋਂ ਤੱਤੀ ਤਵੀ ਵਾਲ਼ੇ ਸੱਚ ਦੀ ਮਿਸ਼ਾਲ ਫੜ ਕੇ ਉਸ ਨੂੰ ਨਵਿਆਉਣਾ ਪੈਂਦਾ ਹੈ।

ਸਾਡੇ ਚੇਤਿਆਂ ਵਿੱਚੋਂ ਕਦੀ ਇਹ ਵਿਸਰਨਾਂ ਨਹੀਂ ਚਾਹੀਦਾ ਕਿ ਸਿਖੀ ਖੰਨਿਓਹੁ ਤਿਖੀ ਅਤੇ ਵਾਲੋਂ ਨਿੱਕੀ ਹੈ। ਇਹ ਗੱਲ ਯਾਦ ਰੱਖਣੀ ਹੋਏਗੀ ਕਿ ਬਿਖੜਿਆਂ ਪੈਂਡਿਆਂ ਤੇ ਚੱਲਣ ਲਈ, ਵੱਖਰੀ ਚਾਲੇ ਤੁਰਨਾ ਹੀ ਪੈਂਦਾ ਹੈ। ਭਗਤਾਂ ਕੀ ਚਾਲ ਸਦਾ ਨਿਰਾਲੀ ਹੀ ਹੁੰਦੀ ਹੈ। ਏਤ ਮਾਰਗ ਤੇ ਤੁਰਨਾ ਦਰਿਆ ਦੇ ਵਹਿਣ ਤੋਂ ਉਲਟ ਪਾਸੇ ਚੱਲਣ ਵਾਂਗ ਹੈ। ਚਮਕੌਰ ਦੀ ਗੜ੍ਹੀ ਅਤੇ ਸਰਹੰਦ ਦੀਆਂ ਦੀਵਾਰਾਂ ਇਹੀ ਆਵਾਜ਼ ਦਿੰਦੀਆਂ ਹਨ ਕਿ ਇਹ ਰਾਹ ਸੌਖ ਨਾਲ ਚੱਲਣ ਵਾਲਿਆਂ ਦਾ ਰਾਹ ਨਹੀਂ ਹੈ। ਇਹ ਤਾਂ ਸੀਸ ਭੇਟ ਕਰਨ ਵਾਲਿਆਂ ਦਾ ਮਾਰਗ ਹੈ। ਇਹ ਭਾਈ ਲਾਲੋ ਦਾ ਰਾਹ ਹੈ ਮਲਿਕ ਭਾਗੋ ਦਾ ਨਹੀਂ। ਇਹ ਭਾਈ ਤਾਰੂ ਸਿੰਘ ਖੋਪੜੀ ਲੁਹਾਉਣ ਵਾਲੇ ਦਾ ਰਾਹ ਹੈ। ਇਹ ਬੋਤਾ ਸਿੰਘ ਤੇ ਗਰਜਾ ਸਿੰਘ ਦਾ ਰਾਹ ਹੈ। ਇਹ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦਾ ਰਾਹ ਹੈ। ਇਹ ਤਲੀ ਤੇ ਸੀਸ ਰੱਖ ਕੇ ਲੜਣ ਵਾਲੇ ਬਾਬਾ ਦੀਪ ਸਿੰਘ ਦਾ ਰਾਹ ਹੈ ਭੀੜ ਵਾਲ਼ਿਆਂ ਦਾ ਨਹੀਂ। ਇਹ ਗੁਰੂ ਗ੍ਰੰਥ ਦੀ ਬਾਣੀ ਦਾ ਰਾਹ ਹੈ।

ਸੋ ਵਿਸਾਖੀ ਪਰਮਾਤਮ ਕੀ ਮੌਜ ਵਿੱਚ ਪ੍ਰਗਟ ਹੋਏ ਵਾਹਿਗੁਰੂ ਜੀ ਕੇ ਖਾਲਸੇ ਦੀ ਕਹਾਣੀ ਹੈ ਜਿਸ ਨੇ ਕਦੀ ਪੁਰਾਣੀ ਨਹੀਂ ਹੋਣਾਂ ਸਗੋਂ ਨਿੱਤ ਦਿਹਾੜੇ ਇਸ 'ਚੋਂ ਸੱਜਰੀ ਮਹਿਕ ਆਉਂਦੀ ਰਹਿਣੀ ਹੈ। ਇਹ ਕਹਾਣੀ ਸਾਡੀ ਸੁਤੰਤਰ ਸੋਚ ਅਤੇ ਚੜ੍ਹਦੀ ਕਲਾ ਦੀ ਗਵਾਹੀ ਭਰਦੀ ਹੈ। ਸਾਨੂੰ ਵੱਖਰੀ ਅਤੇ ਸੁਤੰਤਰ ਕੌਮ ਹੋਣ ਦਾ ਪਾਠ ਦ੍ਰਿੜ੍ਹ ਕਰਾਉਂਦੀ ਹੈ। ਸਾਡੇ ਨਿਆਰੇ ਸਰੂਪ ਨਾਲ ਜੁੜਨ ਦੀ ਪ੍ਰੇਰਨਾ ਬਖਸ਼ਦੀ ਹੈ। ਰਾਜ ਕਰੇਗਾ ਖਾਲਸਾ ਨੂੰ ਸਾਡੇ ਚੇਤਿਆਂ ਵਿੱਚੋਂ ਵਿਸਰਨ ਨਹੀਂ ਦਿੰਦੀ। ਖਾਲਸਈ-ਸੂਰਜ ਦਾ ਚਾਨਣ ਇੱਕ ਨਾ ਇੱਕ ਦਿਨ ਅਵੱਸ਼ ਹੀ ਇਸ ਧਰਤਿ ਸੁਹਾਵੀ ਤੇ ਪਸਰਨਾ ਹੈ। ਬੱਸ ਆਪਾਂ ਨੇ ਆਪਣੀ ਸੁਰਤ ਨੂੰ ਆਪਣੇ ਮਨ ਦੀ ਖੁਸ਼ੀ ਨਾਲ ਨਹੀਂ ਸਗੋਂ ਸਤਿਗੁਰੂ ਦੇ ਸ਼ਬਦ ਅਤੇ ਸਤਿਗੁਰੂ ਦੀ ਰਹਿਤ ਨਾਲ ਜੋੜੀ ਰੱਖਣਾ ਹੈ। ਇਸ ਦ੍ਰਿੜ੍ਹ ਵਿਸ਼ਵਾਸ਼ ਨਾਲ ਜਿਊਣਾਂ ਹੈ ਕਿ ਖਾਲਸਾ ਵਾਹਿਗੁਰੂ ਜੀ ਕਾ ਹੈ ਅਤੇ ਵਾਹਿਗੁਰੂ ਜੀ ਕੀ ਸਦਾ ਫਤਿਹ ਹੋਣੀ ਹੈ। ਇਹੋ ਵੈਸਾਖੀ ਦਾ ਸੱਚ ਹੈ ਅਤੇ ਇਹੋ ਹੀ ਇਸ ਦਾ ਸੰਦੇਸ਼ ਹੈ।

ਮੈਂ ਆਪਣੀਂ ਗੱਲ ਸੁਰਜੀਤ ਪਾਤਰ ਦੀਆਂ ਇਨ੍ਹਾਂ ਸੱਤਰਾਂ ਨਾਲ ਸਮੇਟਣੀ ਚਾਹਾਂਗਾ:

**ਮੈਂ ਰਾਹਾਂ ਤੇ ਨਹੀਂ ਤੁਰਦਾ,**
**ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।**
**ਯੁੱਗਾਂ ਤੋਂ ਕਾਫਲੇ ਆਉਂਦੇ**
**ਇਸੇ ਸੱਚ ਦੇ ਗਵਾਹ ਬਣਦੇ।**
**ਇਹ ਤਪਦੀ ਰੇਤ ਦੱਸਦੀ ਹੈ**
**ਕਿ ਰਸਤਾ ਠੀਕ ਹੈ ਮੇਰਾ।**
**ਇਹ ਸੜਦੇ ਪੈਰ, ਠਰਦੇ ਦਿਲ,**
**ਮੇਰੇ ਸੱਚ ਦੇ ਗਵਾਹ ਬਣਦੇ।**
**ਜੁ ਲੋਅ ਮੱਥੇ ਚੋਂ ਫੁੱਟਦੀ ਹੈ,**
**ਉਹ ਅਸਲੀ ਤਾਜ ਹੁੰਦੀ ਹੈ।**
**ਤਵੀ ਦੇ ਤਖ਼ਤ ਤੇ ਬਹਿ ਕੇ ਹੀ**
**ਕੋਈ ਸੱਚੇ ਪਾਤਸ਼ਾਹ ਬਣਦੇ।**

ਡਾ. ਓਅੰਕਾਰ ਸਿੰਘ, ਫੀਨਿਕਸ, ਅਮੈਰਿਕਾ
kesgarh@yahoo.com

# ਗੁਰੂ ਤੇਗ ਬਹਾਦਰ
## ਵਿਸ਼ਵ ਦੀ ਢਾਲ

ਮੁਗਲਾਂ ਦੀ ਫਲਦੀ ਤਾਕਤ ਵੇਲੇ ਭਾਰਤ ਵਿਚ ਮੁਗਲਾਂ ਦਾ ਦੌਰ ਬਹੁਤ ਹੀ ਉਥਲ-ਪੁਥਲ ਅਤੇ ਗੜਬੜ ਵਾਲਾ ਸੀ। ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਨੇ ਹਿੰਦੂਆਂ ਉੱਤੇ ਦਹਿਸ਼ਤ ਦਾ ਰਾਜ ਸ਼ੁਰੂ ਕਰ ਦਿੱਤਾ ਸੀ। ਵਿਦੇਸ਼ੀ ਹਮਲਾਵਰਾਂ ਦੇ ਅਧੀਨ ਭਾਰਤੀਆਂ ਦੀ ਸਰੀਰਕ ਅਧੀਨਤਾ ਤਾਂ ਪੂਰੀ ਹੈ ਹੀ ਸੀ; ਮਾਨਸਿਕ ਅਧੀਨਤਾ ਵੀ ਔਰੰਗਜ਼ੇਬ ਨੇ ਭਾਰਤ ਦੇ ਇਸਲਾਮੀਕਰਨ ਨਾਲ ਸ਼ੁਰੂ ਕਰ ਦਿਤੀ ਸੀ। ਇਸ ਪ੍ਰਕਿਰਿਆ ਨੂੰ ਔਰੰਗਜ਼ੇਬ ਨੇ ਗਰੀਬ ਲੋਕਾਂ ਦੀਆਂ ਭਾਵਨਾਵਾਂ ਦੀ ਪਰਵਾਹ ਕੀਤੇ ਬਗੈਰ ਬੜੇ ਜੋਸ਼ ਨਾਲ ਸ਼ੁਰੂ ਕੀਤਾ। ਉਹ ਚਾਹੁੰਦਾ ਸੀ ਕਿ ਭਾਰਤ ਦਾਰ-ਉਲ-ਇਸਲਾਮ ਭਾਵ ਇਸਲਾਮ ਦਾ ਗੜ੍ਹ ਬਣੇ।

ਅਪ੍ਰੈਲ 1669 ਵਿਚ, ਉਸ ਨੇ 'ਸਾਰੇ ਪ੍ਰਾਂਤਾਂ ਦੇ ਰਾਜਪਾਲਾਂ ਨੂੰ ਹੁਕਮ ਦਿੱਤਾ ਕਿ ਕਾਫ਼ਰਾਂ ਦੇ ਸਾਰੇ ਸਕੂਲ ਅਤੇ ਮੰਦਰ ਢਾਹ ਦਿਤੇ ਜਾਣ ਅਤੇ ਇਸਲਾਮ ਦੀਆਂ ਸਿੱਖਿਆਵਾਂ ਅਤੇ ਧਾਰਮਿਕ ਰੀਤੀ ਰਿਵਾਜਾਂ ਨੂੰ ਜ਼ੋਰਾਂ-ਸ਼ੋਰਾਂ ਨਾਲ ਲਾਗੂ ਕੀਤਾ ਜਾਵੇ।' 'ਪਿਛਲੇ 10-12 ਸਾਲਾਂ ਦੌਰਾਨ ਬਣਾਇਆ ਹਰ ਬੁੱਤ-ਘਰ, ਚਾਹੇ ਉਹ ਇੱਟਾਂ ਦਾ ਹੈ ਜਾਂ ਮਿੱਟੀ ਦਾ, ਢਾਹ ਦਿਤਾ ਜਾਵੇ', (ਮਾਸਰ-ਇ-ਆਲਮਗੀਰੀ, 81)। ਰਾਜਪਾਲਾਂ ਨੂੰ ਖਾਸ ਹਦਾਇਤਾਂ ਦਿਤੀਆਂ ਕਿ 'ਲਾਹਨਤੀ ਹਿੰਦੂ ਕਾਫ਼ਰਾਂ ਨੂੰ ਆਪਣੇ ਪੁਰਾਣੇ ਮੰਦਰਾਂ ਦੀ ਮੁਰੰਮਤ ਕਰਨ ਦੀ ਆਗਿਆ ਨਹੀਂ ਦੇਣੀ'। (ਆਈ-ਅਬੂਲ-ਹਸਨ, 202)

ਹਿੰਦੂ ਮੰਦਰਾਂ ਨੂੰ ਢਾਹੇ ਜਾਣ ਦੇ ਆਦੇਸ਼ ਨੂੰ ਲਾਗੂ ਕਰਨ ਲਈ ਉਸਨੇ ਰਾਜਪਾਲਾਂ ਦੇ ਸਾਰੇ ਸੂਬਿਆਂ ਅਤੇ ਸ਼ਹਿਰਾਂ ਵਿਚ ਸਾਮਰਾਜੀ ਅਧਿਕਾਰੀ ਨਿਯੁਕਤ ਕੀਤੇ, ਜਿਨ੍ਹਾਂ ਦਾ ਮੁੱਖ ਫਰਜ਼ ਇਸ ਹੁਕਮ ਨੂੰ ਇੰਨ ਬਿੰਨ ਲਾਗੂ ਕਰਨਾ ਸੀ। ਅਧਿਕਾਰੀਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਉਨ੍ਹਾਂ ਦੀਆਂ ਸਰਗਰਮੀਆਂ ਵਾਚਣ ਲਈ ਤੇ ਮਾਰਗ ਦਰਸ਼ਨ ਕਰਨ ਲਈ ਇਕ ਸਰਵ ਉਚ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ। ਮੰਦਰਾਂ ਨੂੰ ਢਾਹੇ ਜਾਣ ਦੇ ਨਾਲ-ਨਾਲ, ਔਰੰਗਜ਼ੇਬ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਵਿਚ ਰੁੱਝ ਗਿਆ। (ਸਰਕਾਰ ਜੇ ਐਨ, ਹਿਸਟਰੀ ਆਫ ਔਰੰਗਜ਼ੇਬ, 267)

"ਕੋਈ ਵੀ ਬੋਲਣ ਦੀ ਹਿੰਮਤ ਨਹੀਂ ਕਰ ਸਕਦਾ ਸੀ ਕਿਉਂਕਿ ਜੇ ਕੋਈ ਬੋਲਦਾ ਤਾਂ ਉਸਦਾ ਮੂੰਹ ਬੰਦ ਕਰਨ ਲਈ ਜੀਭ ਕੱਟਣੀ ਨਿਸ਼ਚਤ ਸੀ। ਕਿਸੇ ਨੇ ਵੀ ਹਮਲਾਵਰਾਂ ਦੇ ਅੱਤਿਆਚਾਰਾਂ ਵੱਲ ਉਂਗਲ ਚੁੱਕਣ ਦੀ ਹਿੰਮਤ ਨਹੀਂ ਕੀਤੀ, ਇਸ ਤਰ੍ਹਾਂ ਹਿੰਦੂਆਂ ਨੂੰ ਉਨ੍ਹਾਂ ਦੀ ਇੱਛਾ ਦੇ ਵਿਰੁਧ ਇਸਲਾਮ ਧਰਮ ਅਪਣਾਉਣ ਦਾ ਸਿਲਸਿਲਾ ਹੌਲੀ ਹੌਲੀ ਵਧਦਾ ਗਿਆ। ਦਿਨ-ਬ-ਦਿਨ ਹੋ ਰਹੇ ਇਸ ਵਾਧੇ ਸਦਕਾ ਅਗਲੇ ਕੁਝ ਸਾਲਾਂ ਵਿੱਚ ਭਾਰਤ ਦੇ ਸਾਰੇ ਹਿੰਦੂ ਭਾਈਚਾਰੇ ਨੂੰ ਇਸਲਾਮ ਵਿੱਚ ਬਦਲਣਾ ਨਿਸ਼ਚਤ ਹੋ ਚੱਲਿਆ ਸੀ। ਇਹ ਉਨ੍ਹਾਂ ਸਭ ਲਈ ਚਿੰਤਾ ਦਾ ਕਾਰਨ ਸੀ ਜੋ ਆਪਣੇ ਦਿਲਾਂ ਵਿਚ ਹਿੰਦੂਧਰਮ ਨੂੰ ਪਿਆਰ ਕਰਦੇ ਸਨ ਪਰ ਉਨ੍ਹਾਂ ਦੀ ਅਗਵਾਈ ਕਰਨ ਵਾਲਾ ਕੋਈ ਨਹੀਂ ਸੀ।. ਇਹ ਉਹ ਸਥਿਤੀ ਸੀ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਨੇ ਨਾ ਸਿਰਫ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਸੁਣਿਆਂ-ਜਾਣਿਆਂ-ਸਮਝਿਆ ਬਲਕਿ ਇਸ ਕਤਲੇਆਮ ਅਤੇ ਧਰਮ ਪਰਿਵਰਤਨ ਤੋਂ ਸਰਕਾਰ ਨੂੰ ਰੋਕਣ ਲਈ ਹਿੰਦੂਆਂ ਦੀ ਅਗਵਾਈ ਕਰਨਾ ਵੀ ਸਵੀਕਾਰ ਕੀਤਾ।

1 ਅਪ੍ਰੈਲ 1621 ਨੂੰ ਪੰਜਾਬ ਵਿਚ, ਅੰਮ੍ਰਿਤਸਰ ਵਿਖੇ, ਗੁਰੂ ਕੇ ਮਹਿਲ ਵਿਚ, ਮਾਤਾ ਨਾਨਕੀ ਦੇ ਘਰ ਜਨਮੇ ਤੇਗ ਬਹਾਦਰ ਬਚਪਨ ਤੋਂ ਹੀ ਨਾਮ ਸਾਧਨਾ ਵਿਚ ਰੁਝੇ ਰਹਿੰਦੇ। ਇਸ ਦੇ ਬਾਵਜੂਦ, ਜਦੋਂ ਇਨ੍ਹਾਂ ਦੇ ਪਿਤਾ ਸਿੱਖਾਂ ਦੇ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਲੋੜ ਪਈ ਤਾਂ ਉਨ੍ਹਾਂ ਨੇ ਤਲਵਾਰ ਚੁੱਕੀ ਅਤੇ ਕਰਤਾਰਪੁਰ ਦੇ ਯੁੱਧ ਦੇ ਮੈਦਾਨ ਵਿਚ ਆਪਣੀ ਬਹਾਦੁਰੀ ਤੇ ਮਾਨਸਿਕ ਪਰਪੱਕਤਾ ਦਾ ਪ੍ਰਦਰਸ਼ਨ ਕੀਤਾ ਅਤੇ ਮੁਗ਼ਲ ਹਮਲਾਵਰਾਂ ਨੂੰ ਹਰਾ ਦਿੱਤਾ।

ਬਾਬਾ ਬਕਾਲਾ ਵਿਖੇ ਸਿੱਖਾਂ ਦਾ ਨੌਵਾਂ ਗੁਰੂ ਐਲਾਨਿਆ ਗਿਆ। ਇਸ ਐਲਾਨ ਦਾ ਪਿਛੋਕੜ ਬੜਾ ਦਿਲਚਸਪ ਹੈ। ਇਕ ਵਪਾਰੀ ਮੱਖਣ ਸ਼ਾਹ ਲੁਬਾਣਾ (ਵਣਜਾਰਾ) ਦਾ ਜਹਾਜ਼ ਸਮੁੰਦਰ ਵਿਚ ਫਸ ਗਿਆ। ਉਸਨੇ ਗੁਰੂ ਜੀ ਨੂੰ ਅਰਦਾਸ ਕੀਤੀ ਕਿ ਜੇ ਗੁਰੂ ਜੀ ਦੀ ਬਖਸ਼ਿਸ਼ ਨਾਲ ਉਸਦਾ ਜਹਾਜ਼ ਬਚ ਗਿਆ ਤਾਂ ਉਹ ਗੁਰੂ ਜੀ ਨੂੰ 1000 / - ਸੋਨੇ ਦੀਆਂ ਮੋਹਰਾਂ ਭੇਟ ਕਰੇਗਾ। ਇਸ ਤੋਂ ਕੁਝ ਚਿਰ ਪਹਿਲਾਂ, 30 ਮਾਰਚ 1664 ਨੂੰ, ਅੱਠਵੇਂ ਗੁਰੂ ਗੁਰੂ ਹਰਕਿਸ਼ਨ ਜੀ ਦਿੱਲੀ ਵਿਚ ਜੋਤੀ ਜੋਤ ਸਮਾ ਗਏ ਸਨ ਅਤੇ ਉਨ੍ਹਾਂ ਨੇ 'ਬਾਬਾ ਬਕਾਲੇ' ਸ਼ਬਦ ਕਹਿ ਕੇ ਨਵੇਂ ਗੁਰੂ ਦਾ ਸੰਕੇਤ ਦੇ ਦਿੱਤਾ

ਮੁਗਲਾਂ ਦੀ ਢਲਦੀ ਤਾਕਤ ਵੇਲੇ ਭਾਰਤ ਵਿਚ ਮੁਗਲਾਂ ਦਾ ਦੌਰ ਬਹੁਤ ਹੀ ਉਥਲ-ਪੁਥਲ ਅਤੇ ਗੜਬੜ ਵਾਲਾ ਸੀ। ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਨੇ ਹਿੰਦੂਆਂ ਉੱਤੇ ਦਹਿਸ਼ਤ ਦਾ ਰਾਜ ਸ਼ੁਰੂ ਕਰ ਦਿੱਤਾ ਸੀ। ਵਿਦੇਸ਼ੀ ਹਮਲਾਵਰਾਂ ਦੇ ਅਧੀਨ ਭਾਰਤੀਆਂ ਦੀ ਸਰੀਰਕ ਅਧੀਨਤਾ ਤਾਂ ਪੂਰੀ ਹੈ ਹੀ ਸੀ; ਮਾਨਸਿਕ ਅਧੀਨਤਾ ਵੀ ਔਰੰਗਜ਼ੇਬ ਨੇ ਭਾਰਤ ਦੇ ਇਸਲਾਮੀਕਰਨ ਨਾਲ ਸ਼ੁਰੂ ਕਰ ਦਿਤੀ ਸੀ। ਇਸ ਪ੍ਰਕਿਰਿਆ ਨੂੰ ਔਰੰਗਜ਼ੇਬ ਨੇ ਗਰੀਬ ਲੋਕਾਂ ਦੀਆਂ ਭਾਵਨਾਵਾਂ ਦੀ ਪਰਵਾਹ ਕੀਤੇ ਬਗੈਰ ਬੜੇ ਜੋਸ਼ ਨਾਲ ਸ਼ੁਰੂ ਕੀਤਾ । ਉਹ ਚਾਹੁੰਦਾ ਸੀ ਕਿ ਭਾਰਤ ਦਾਰ-ਉਲ-ਇਸਲਾਮ ਭਾਵ ਇਸਲਾਮ ਦਾ ਗੜ੍ਹ ਬਣੇ।



ਅਪ੍ਰੈਲ 1669 ਵਿਚ, ਉਸ ਨੇ 'ਸਾਰੇ ਪ੍ਰਾਂਤਾਂ ਦੇ ਰਾਜਪਾਲਾਂ ਨੂੰ ਹੁਕਮ ਦਿੱਤਾ ਕਿ ਕਾਫ਼ਰਾਂ ਦੇ ਸਾਰੇ ਸਕੂਲ ਅਤੇ ਮੰਦਰ ਢਾਹ ਦਿਤੇ ਜਾਣ ਅਤੇ ਇਸਲਾਮ ਦੀਆਂ ਸਿੱਖਿਆਵਾਂ ਅਤੇ ਧਾਰਮਿਕ ਰੀਤੀ ਰਿਵਾਜਾਂ ਨੂੰ ਜ਼ੋਰਾਂ-ਸ਼ੋਰਾਂ ਨਾਲ ਲਾਗੂ ਕੀਤਾ ਜਾਵੇ।' 'ਪਿਛਲੇ 10-12 ਸਾਲਾਂ ਦੌਰਾਨ ਬਣਾਇਆ ਹਰ ਬੁੱਤ-ਘਰ, ਚਾਹੇ ਉਹ ਇੱਟਾਂ ਦਾ ਹੈ ਜਾਂ ਮਿੱਟੀ ਦਾ, ਢਾਹ ਦਿਤਾ ਜਾਵੇ', (ਮਾਸਰ-ਇ-ਆਲਮਗੀਰੀ, 81)। ਰਾਜਪਾਲਾਂ ਨੂੰ ਖਾਸ ਹਦਾਇਤਾਂ ਦਿਤੀਆਂ ਕਿ 'ਲਾਹਨਤੀ ਹਿੰਦੂ ਕਾਫ਼ਰਾਂ ਨੂੰ ਆਪਣੇ ਪੁਰਾਣੇ ਮੰਦਰਾਂ ਦੀ ਮੁਰੰਮਤ ਕਰਨ ਦੀ ਆਗਿਆ ਨਹੀਂ ਦੇਣੀ'। (ਆਈ-ਅਬੂਲ-ਹਸਨ, 202)

ਹਿੰਦੂ ਮੰਦਰਾਂ ਨੂੰ ਢਾਹੇ ਜਾਣ ਦੇ ਆਦੇਸ਼ ਨੂੰ ਲਾਗੂ ਕਰਨ ਲਈ ਉਸਨੇ ਰਾਜਪਾਲਾਂ ਦੇ ਸਾਰੇ ਸੂਬਿਆਂ ਅਤੇ ਸ਼ਹਿਰਾਂ ਵਿਚ ਸਾਮਰਾਜੀ ਅਧਿਕਾਰੀ ਨਿਯੁਕਤ ਕੀਤੇ, ਜਿਨ੍ਹਾਂ ਦਾ ਮੁੱਖ ਫਰਜ਼ ਇਸ ਹੁਕਮ ਨੂੰ ਇੰਨ ਬਿੰਨ ਲਾਗੂ ਕਰਨਾ ਸੀ। ਅਧਿਕਾਰੀਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਉਨ੍ਹਾਂ ਦੀਆਂ ਸਰਗਰਮੀਆਂ ਵਾਚਣ ਲਈ ਤੇ ਮਾਰਗ ਦਰਸ਼ਨ ਕਰਨ ਲਈ ਇਕ ਸਰਵ ਉਚ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ। ਮੰਦਰਾਂ ਨੂੰ ਢਾਹੇ ਜਾਣ ਦੇ ਨਾਲ-ਨਾਲ, ਔਰੰਗਜ਼ੇਬ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਵਿਚ ਰੁੱਝ ਗਿਆ। (ਸਰਕਾਰ ਜੇ ਐਨ, ਹਿਸਟਰੀ ਆਫ ਔਰੰਗਜ਼ੇਬ, 267)

"ਕੋਈ ਵੀ ਬੋਲਣ ਦੀ ਹਿੰਮਤ ਨਹੀਂ ਕਰ ਸਕਦਾ ਸੀ ਕਿਉਂਕਿ ਜੇ ਕੋਈ ਬੋਲਦਾ ਤਾਂ ਉਸਦਾ ਮੂੰਹ ਬੰਦ ਕਰਨ ਲਈ ਜੀਭ ਕੱਟਣੀ ਨਿਸ਼ਚਤ ਸੀ। ਕਿਸੇ ਨੇ ਵੀ ਹਮਲਾਵਰਾਂ ਦੇ ਅੱਤਿਆਚਾਰਾਂ ਵੱਲ ਉਂਗਲ ਚੁੱਕਣ ਦੀ ਹਿੰਮਤ ਨਹੀਂ ਕੀਤੀ, ਇਸ ਤਰ੍ਹਾਂ ਹਿੰਦੂਆਂ ਨੂੰ ਉਨ੍ਹਾਂ ਦੀ ਇੱਛਾ ਦੇ ਵਿਰੁਧ ਇਸਲਾਮ ਧਰਮ ਅਪਣਾਉਣ ਦਾ ਸਿਲਸਿਲਾ ਹੌਲੀ ਹੌਲੀ ਵਧਦਾ ਗਿਆ। ਦਿਨ-ਬ-ਦਿਨ ਹੋ ਰਹੇ ਇਸ ਵਾਧੇ ਸਦਕਾ ਅਗਲੇ ਕੁਝ ਸਾਲਾਂ ਵਿੱਚ ਭਾਰਤ ਦੇ ਸਾਰੇ ਹਿੰਦੂ ਭਾਈਚਾਰੇ ਨੂੰ ਇਸਲਾਮ ਵਿੱਚ ਬਦਲਣਾ ਨਿਸ਼ਚਤ ਹੋ ਚੱਲਿਆ ਸੀ। ਇਹ ਉਨ੍ਹਾਂ ਸਭ ਲਈ ਚਿੰਤਾ ਦਾ ਕਾਰਨ ਸੀ ਜੋ ਆਪਣੇ ਦਿਲਾਂ ਵਿਚ ਹਿੰਦੂਧਰਮ ਨੂੰ ਪਿਆਰ ਕਰਦੇ ਸਨ ਪਰ ਉਨ੍ਹਾਂ ਦੀ ਅਗਵਾਈ ਕਰਨ ਵਾਲਾ ਕੋਈ ਨਹੀਂ ਸੀ।. ਇਹ ਉਹ ਸਥਿਤੀ ਸੀ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਨੇ ਨਾ ਸਿਰਫ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਸੁਣਿਆਂ-ਜਾਣਿਆਂ-ਸਮਝਿਆ ਬਲਕਿ ਇਸ ਕਤਲੇਆਮ ਅਤੇ ਧਰਮ ਪਰਿਵਰਤਨ ਤੋਂ ਸਰਕਾਰ ਨੂੰ ਰੋਕਣ ਲਈ ਹਿੰਦੂਆਂ ਦੀ ਅਗਵਾਈ ਕਰਨਾ ਵੀ ਸਵੀਕਾਰ ਕੀਤਾ।

1 ਅਪ੍ਰੈਲ 1621 ਨੂੰ ਪੰਜਾਬ ਵਿਚ, ਅੰਮ੍ਰਿਤਸਰ ਵਿਖੇ, ਗੁਰੂ ਕੇ ਮਹਿਲ ਵਿਚ, ਮਾਤਾ ਨਾਨਕੀ ਦੇ ਘਰ ਜਨਮੇ ਤੇਗ ਬਹਾਦਰ ਬਚਪਨ ਤੋਂ ਹੀ ਨਾਮ ਸਾਧਨਾ ਵਿਚ ਰੁਝੇ ਰਹਿੰਦੇ। ਇਸ ਦੇ

ਬਾਵਜੂਦ, ਜਦੋਂ ਇਨ੍ਹਾਂ ਦੇ ਪਿਤਾ ਸਿੱਖਾਂ ਦੇ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਲੋੜ ਪਈ ਤਾਂ ਉਨ੍ਹਾਂ ਨੇ ਤਲਵਾਰ ਚੁੱਕੀ ਅਤੇ ਕਰਤਾਰਪੁਰ ਦੇ ਯੁੱਧ ਦੇ ਮੈਦਾਨ ਵਿਚ ਆਪਣੀ ਬਹਾਦੁਰੀ ਤੇ ਮਾਨਸਿਕ ਪਰਪੱਕਤਾ ਦਾ ਪ੍ਰਦਰਸ਼ਨ ਕੀਤਾ ਅਤੇ ਮੁਗ਼ਲ ਹਮਲਾਵਰਾਂ ਨੂੰ ਹਰਾ ਦਿੱਤਾ।

ਬਾਬਾ ਬਕਾਲਾ ਵਿਖੇ ਸਿੱਖਾਂ ਦਾ ਨੌਵਾਂ ਗੁਰੂ ਐਲਾਨਿਆ ਗਿਆ। ਇਸ ਐਲਾਨ ਦਾ ਪਿਛੋਕੜ ਬੜਾ ਦਿਲਚਸਪ ਹੈ। ਇਕ ਵਪਾਰੀ ਮੱਖਣ ਸ਼ਾਹ ਲੁਬਾਣਾ (ਵਣਜਾਰਾ) ਦਾ ਜਹਾਜ਼ ਸਮੁੰਦਰ ਵਿਚ ਫਸ ਗਿਆ। ਉਸਨੇ ਗੁਰੂ ਜੀ ਨੂੰ ਅਰਦਾਸ ਕੀਤੀ ਕਿ ਜੇ ਗੁਰੂ ਜੀ ਦੀ ਬਖਸ਼ਿਸ਼ ਨਾਲ ਉਸਦਾ ਜਹਾਜ਼ ਬਚ ਗਿਆ ਤਾਂ ਉਹ ਗੁਰੂ ਜੀ ਨੂੰ 1000 / – ਸੋਨੇ ਦੀਆਂ ਮੋਹਰਾਂ ਭੇਟ ਕਰੇਗਾ। ਇਸ ਤੋਂ ਕੁਝ ਚਿਰ ਪਹਿਲਾਂ, 30 ਮਾਰਚ 1664 ਨੂੰ, ਅੱਠਵੇਂ ਗੁਰੂ ਗੁਰੂ ਹਰਕਿਸ਼ਨ ਜੀ ਦਿੱਲੀ ਵਿਚ ਜੋਤੀ ਜੋਤ ਸਮਾ ਗਏ ਸਨ ਅਤੇ ਉਨ੍ਹਾਂ ਨੇ 'ਬਾਬਾ ਬਕਾਲੇ' ਸ਼ਬਦ ਕਹਿ ਕੇ ਨਵੇਂ ਗੁਰੂ ਦਾ ਸੰਕੇਤ ਦੇ ਦਿੱਤਾ ਸੀ ਕਿ ਉਨ੍ਹਾਂ ਦਾ ਉੱਤਰਾਧਿਕਾਰੀ ਬਕਾਲਾ ਸੀ। ਮੱਖਣ ਸ਼ਾਹ ਦਾ ਜਹਾਜ਼ ਬਚ ਗਿਆ, ਤਾਂ ਉਹ ਗੁਰੂ ਜੀ ਨੂੰ ਅਰਦਾਸ–ਭੇਟਾ ਕਰਨ ਲਈ ਬਕਾਲਾ ਪਹੁੰਚ ਗਿਆ । ਤੇਗ ਬਹਾਦੁਰ ਨੂੰ ਉਦੋਂ ਤਕ ਗੁਰੂ ਹੋਣ ਦਾ ਐਲਾਨ ਨਹੀਂ ਕੀਤਾ ਗਿਆ ਸੀ ਅਤੇ ਗੁਰੂ ਹਰਕਿਸ਼ਨ ਦੇ ਰਿਸ਼ਤੇਦਾਰ ਆਪਣੇ ਆਪ ਨੂੰ ਗੁਰੂ ਐਲਾਨ ਰਹੇ ਸਨ ।

ਜਦ ਮੱਖਣ ਸ਼ਾਹ ਨੇ ਗੁਰੂ ਅਖਵਾਉਣ ਵਾਲਿਆਂ ਦੀ ਏਨੀ ਲੰਬੀ ਪੰਗਤ ਵੇਖੀ ਤਾਂ ਭੰਬਲ ਭੂਸੇ ਵਿੱਚ ਸੋਚਣ ਲੱਗਾ ਕਿ ਪਤਾ ਨਹੀਂ ਗੁਰੂ ਕੌਣ ਹੈ। ਸੱਚੇ ਗੁਰੂ ਦੀ ਪਰਖ ਕਰਨ ਲਈ ਉਸ ਨੇ ਹਰ ਇਕ ਦੇ ਸਾਹਮਣੇ ਇਕ ਸੋਨੇ ਦੀ ਮੋਹਰ ਪੇਸ਼ ਕੀਤੀ । ਜਦੋਂ ਉਸਨੇ ਤੇਗ ਬਹਾਦਰ ਨੂੰ ਸੋਨੇ ਦੀ ਮੋਹਰ ਭੇਟ ਕੀਤੀ ਤਾਂ ਤੇਗ ਬਹਾਦਰ ਨੇ ਪੁੱਛਿਆ, "ਕੀ ਤੁਹਾਡਾ ਜਹਾਜ਼ ਸੁਰੱਖਿਅਤ ਹੈ ਜਿਸ ਲਈ ਤੁਸੀਂ ਹਜ਼ਾਰ ਮੋਹਰਾਂ ਦੀ ਅਰਦਾਸ ਕੀਤੀ ਸੀ?" ਮੱਖਣ ਸ਼ਾਹ ਨੂੰ ਸਮਝਣ ਵਿਚ ਦੇਰ ਨਾ ਲੱਗੀ । ਉਸਨੇ ਛੱਤ 'ਤੇ ਚੜ੍ਹਕੇ ਐਲਾਨ ਕੀਤਾ, "ਗੁਰੂ ਲਾਧੋ ਰੇ" (ਗੁਰੂ ਲੱਭ ਗਿਆ ਹੈ।) ਫਿਰ ਤੇਗ ਬਹਾਦਰ ਨੂੰ ਸੰਗਤਾਂ ਨੇ ਨੌਵੇਂ ਗੁਰੂ ਦੇ ਤੌਰ' ਤੇ ਪਰਵਾਣ ਕਰ ਲਿਆ।

ਗੁਰੂ ਤੇਗ ਬਹਾਦਰ ਜੀ ਨੇ ਅਪਣੇ ਸ਼ਰਧਾਲੂ ਕਹਿਲੂਰ ਦੇ ਰਾਜਾ ਭੀਮ ਸਿੰਘ ਦੁਆਰਾ ਦਿੱਤੀ ਜ਼ਮੀਨ ਉੱਤੇ ਪਿੰਡ ਮਾਖੋਵਾਲ ਦੀ ਸਥਾਪਨਾ ਕੀਤੀ । ਉਥੇ ਹੀ ਉਹ ਮਾਲਵੇ ਵਿਚ ਨਾਮ ਦਾ ਪ੍ਰਚਾਰ ਕਰਨ ਲਈ ਰਵਾਨਾ ਹੋਏ ਅਤੇ ਬਾਅਦ ਵਿਚ ਯੂਪੀ, ਬਿਹਾਰ, ਬੰਗਾਲ ਅਤੇ ਅਸਾਮ ਗਏ । ਉਨ੍ਹਾਂ ਨੇ ਹਾਕਮ ਜਮਾਤ ਦੁਆਰਾ ਲੋਕਾਂ ਉੱਤੇ ਜ਼ੁਲਮ ਹੁੰਦੇ ਵੇਖੇ ਤਾਂ ਉਸਨੇ ਆਪਣੀਆਂ ਲਿਖਤਾਂ ਰਾਹੀਂ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਐਲਾਨ ਕੀਤਾ ਕਿ ਉਹ ਕਿਸੇ ਤੋਂ ਨਹੀਂ ਡਰਦੇ। "**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ**"। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427) "ਨਾ ਤਾਂ ਮੈਂ ਦੂਜਿਆਂ ਲਈ ਡਰ ਪੈਦਾ ਕਰਦਾ ਹਾਂ ਅਤੇ ਨਾ ਹੀ ਮੈਂ ਕਿਸੇ ਡਰ ਨੂੰ ਸਵੀਕਾਰ ਕਰਦਾ ਹਾਂ।"

ਗੁਰੂ ਤੇਗ ਬਹਾਦਰ ਜੀ ਨੇ ਪ੍ਰਮਾਤਮਾ ਦੇ ਸੱਚੇ ਸੰਦੇਸ਼ ਨੂੰ ਹਰ ਥਾਂ ਪਹੁੰਚਾਉਣ ਲਈ ਲੰਬੀਆਂ ਯਾਤਰਾਵਾਂ ਕੀਤੀਆਂ।. ਜਿਥੇ ਵੀ ਉਹ ਗਏ, ਉਨ੍ਹਾਂ ਨੇ ਜਨਤਾ ਵਿਚ ਵਿਸ਼ਵਾਸ ਪੈਦਾ ਕੀਤਾ। ਉਨ੍ਹਾਂ ਨੇ ਔਰੰਗਜ਼ੇਬ ਦੇ ਜਰਨੈਲ ਰਾਜਾ ਰਾਮ ਸਿੰਘ ਨੂੰ ਅਤੇ ਅਸਾਮ ਦੇ ਰਾਜੇ ਦੀ ਸਹਾਇਤਾ ਕਰਕੇ ਮੁਗਲਾਂ ਦੇ ਵਿਸਥਾਰ ਨੂੰ ਰੋਕਣ ਅਤੇ ਹਿੰਦੂਆਂ ਦੇ ਅਧਿਕਾਰ ਨੂੰ ਸੁਰਖਿਅਤ ਕਰਨ ਵਿਚ ਸਹਾਇਤਾ ਕੀਤੀ ਅਤੇ ਇਕ ਸੰਧੀ ਕਰਵਾਕੇ ਦੋਨਾਂ ਸੈਨਾਵਾਂ ਵਿਚ ਸ਼ਾਂਤੀ ਕਾਇਮ ਕਰਵਾਈ । ਗੁਰੂ ਜੀ ਨੇ ਭਾਰਤੀਆਂ ਦੀ ਡੁਬਦੀ ਉਮੀਦ ਨੂੰ ਇਕ ਚਾਨਣ ਦਿਤਾ। ਗੁਰੂ ਜੀ ਨੂੰ ਇਸ ਮੁਸ਼ਕਲ ਮੋੜ ਤੇ ਜਦੋਂ ਹਿੰਦੂਆਂ ਦਾ ਧਰਮ ਨਾਸ਼ ਹੋਣਾ ਯਕੀਨੀ ਹੋ ਗਿਆ ਸੀ,. ਉਨ੍ਹਾਂ ਦੇ ਮੁਕਤੀਦਾਤਾ ਵਜੋਂ ਇਕ ਉਮੀਦ ਦੀ ਰੋਸ਼ਨੀ ਦਿਤੀ।

ਇਫਤਿਖਾਰ ਖ਼ਾਨ (1671–1675), ਕਸ਼ਮੀਰ ਦੇ ਰਾਜਪਾਲ (ਬਮਜ਼ਈ, ਪੀ.ਐਨ.ਕੇ., ਕਸ਼ਮੀਰ ਦਾ ਇਤਿਹਾਸ, ਪੰਨਾ 31) ਨੇ ਔਰੰਗਜ਼ੇਬ ਦੇ ਆਦੇਸ਼ਾਂ ਨੂੰ ਬਹੁਤ ਗੰਭੀਰਤਾ ਨਾਲ ਲਿਆ । ਉਸਨੇ ਕਸ਼ਮੀਰ ਦੇ ਪੰਡਤਾਂ ਨੂੰ ਤਸੀਹੇ ਦਿੱਤੇ ਅਤੇ ਜਬਰੀ ਧਰਮ ਪਰਿਵਰਤਨ ਦੀ ਕੋਸ਼ਿਸ਼ ਕੀਤੀ। ਕਸ਼ਮੀਰ ਦੇ ਪ੍ਰਮੁੱਖ ਪੰਡਿਤ ਮੱਟਨ ਦੇ ਪੰਡਿਤ ਕ੍ਰਿਪਾ ਰਾਮ ਦੇ ਨਾਲ 16 ਪੰਡਿਤਾਂ ਦਾ ਇੱਕ ਵਫ਼ਦ ਗੁਰੂ ਤੇਗ ਬਹਾਦਰ ਜੀ ਕੋਲ ਆਇਆ ਤੇ ਉਹਨਾਂ ਨੂੰ ਕਸ਼ਮੀਰ ਦੇ ਸ਼ਾਸਕ ਇਫਤਿਖਾਰ ਖ਼ਾਨ ਦੁਆਰਾ ਹਿੰਦੂਆਂ ਦੇ ਜਬਰੀ ਧਰਮ ਪਰਿਵਰਤਨ ਦੀ ਦੁੱਖ ਭਰੀ ਗਾਥਾ ਬਿਆਨੀ। ਪੰਡਿਤ ਕ੍ਰਿਪਾ ਰਾਮ ਅਨੁਸਾਰ "ਕੋਈ ਚਮਤਕਾਰ ਹੀ ਉਨ੍ਹਾਂ ਨੂੰ ਇਸਲਾਮੀ ਕਰਨ ਤੋਂ ਬਚਾ ਸਕਦਾ ਹੈ ਤੇ ਇਹ ਚਮਤਕਾਰ ਕੋਈ ਮਹਾਨ ਸ਼ਖਸੀਅਤ ਹੀ ਕਰ ਸਕਦੀ ਹੈ ਜੋ ਇਸ ਜ਼ੁਲਮ ਵਿਰੁਧ ਅਪਣੀ ਆਵਾਜ਼ ਉਠਾ ਕੇ ਇਸ ਜ਼ੁਲਮ ਨੂੰ ਬੰਦ ਕਰਵਾਵੇ । ਇਸ ਲਈ ਕੁਰਬਾਨੀ ਦੀ ਵੀ ਲੋੜ ਪੈ ਸਕਦੀ ਹੈ। ਇਸ ਲਈ ਸਾਨੂੰ ਹੋਰ ਕਿਤੋਂ ਵੀ ਉਮੀਦ ਨਹੀਂ ਨਜ਼ਰ ਆਈ ਤਾਂ ਆਪ ਜੀ ਕੋਲ ਫਰਆਦੀ ਹੋਏ ਹਾਂ"। ਇਸ ਵੇਲੇ ਬਾਲ ਗੋਬਿੰਦ ਵੀ ਉਥੇ ਹਾਜ਼ਰ ਸਨ। ਇਹ ਸਭ ਸੁਣਕੇ ਸੁਭਾਵਕ ਹੀ ਬੋਲ ਉਠੇ, "ਪਿਤਾ ਜੀ। ਇਹ ਸ਼ੁਭ ਕਾਰਜ ਤੁਹਾਡੇ ਬਿਨਾ ਹੋਰ ਕੌਣ ਕਰ ਸਕਦਾ ਹੈ?"

ਕਸ਼ਮੀਰੀ ਪੰਡਿਤਾਂ ਦੀ ਅਰਜ਼ ਅਤੇ ਬਾਲ ਗੋਬਿੰਦ ਦੇ

ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਇਸ ਜਬਰੀ ਧਰਮ ਪਰਿਵਰਤਨ ਵਿਰੁੱਧ ਅਵਾਜ਼ ਬੁਲੰਦ ਕਰਨ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ ਤੇ ਪੰਡਿਤਾਂ ਨੂੰ ਕਸ਼ਮੀਰ ਦੇ ਸ਼ਾਸਕ ਨੂੰ ਇਹ ਦੱਸਣ ਲਈ ਕਿਹਾ ਕਿ ਜੇ ਉਨ੍ਹਾਂ ਦੇ ਗੁਰੂ ਤੇਗ ਬਹਾਦਰ ਨੇ ਇਸਲਾਮ ਕਬੂਲ ਕਰ ਲਿਆ ਤਾਂ ਉਹ ਵੀ ਧਰਮ ਪਰਿਵਰਤਨ ਨੂੰ ਸਵੀਕਾਰ ਕਰਨਗੇ।

ਗੁਰੂ ਜੀ ਦਾ ਇਹ ਸੰਦੇਸ਼ ਕਸ਼ਮੀਰੀ ਪੰਡਿਤਾਂ ਰਾਹੀਂ ਕਸ਼ਮੀਰ ਦੇ ਸ਼ਾਸਕ ਇਫਤਿਖਾਰ ਖ਼ਾਨ ਨੂੰ ਦਿੱਤਾ ਗਿਆ ਸੀ ਅਤੇ ਉਮੀਦ ਕੀਤੀ ਗਈ ਪ੍ਰਤੀਕ੍ਰਿਆ ਬਹੁਤ ਤੇਜ਼ੀ ਨਾਲ ਆ ਗਈ। ਉਸੁ ਨੇ ਇਸ ਸੰਦੇਸ਼ ਨੂੰ ਸ਼ੁਭ ਸਮਝ ਕੇ ਔਰੰਗਜ਼ੇਬ ਨੂੰ ਆਪ ਜਾ ਕੇ ਇਤਲਾਹ ਦੇ ਦਿਤੀ ਕਿਉਂਕਿ ਔਰੰਗਜ਼ੇਬ ਉਸੇ ਇਲਾਕੇ ਵਿਚ ਆਇਆ ਹੋਇਆ ਸੀ। ਔਰੰਗਜ਼ੇਬ ਨੇ ਇਸ ਨੂੰ ਤੇਜ਼ੀ ਨਾਲ ਧਰਮ ਬਦਲਣ ਦੀ ਆਸਾਨ ਪ੍ਰਕਿਰਿਆ ਵਜੋਂ ਵੇਖਿਆ ਤੇ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਲਈ ਹਸਨ ਅਬਦਾਲ ਤੋਂ ਆਦੇਸ਼ ਭੇਜਿਆ। (ਗੁਲਾਮ ਹੁਸੈਨ, ਸੀਅਰ-ਉਲ-ਮੁਤਾਖਰੀਨ)। ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ ਦੇ ਤਿੰਨ ਸ਼ਰਧਾਲੂਆਂ, ਭਾਈ ਦਿਆਲਾ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਲਈ ਦਿੱਲੀ ਲਿਆਇਆ ਗਿਆ ਤਾਂ ਜੋ ਸਾਰੇ ਕਸ਼ਮੀਰੀ ਤੇ ਇਸ ਤੋਂ ਬਾਅਦ ਫਿਰ ਸਾਰਾ ਹਿੰਦੁਸਤਾਨ ਧਰਮ ਪਰਿਵਰਤਨ ਕਰ ਸਕਣ।

ਗੁਰੂ ਤੇਗ ਬਹਾਦਰ ਜੀ ਦਿੱਲੀ ਵੱਲ ਆਪ ਹੀ ਚੱਲ ਪਏ ਪਰ ਰੋਪੜ ਵਿੱਚ ਗ੍ਰਿਫਤਾਰ ਕਰ ਲਏ ਗਏ ਤੇ ਕੁਝ ਚਿਰ ਬਸੀ ਪਠਾਣਾਂ ਦੀ ਜੇਲ੍ਹ ਵਿੱਚ ਰੱਖ ਕੇ ਦਿੱਲੀ ਭੇਜੇ ਗਏ।ਦਿੱਲੀ ਵਿੱਚ ਦਰਬਾਰੀਆਂ ਅਤੇ ਕਾਜੀਆਂ ਨੇ ਪਹਿਲਾਂ ਉਨ੍ਹਾਂ ਨੂੰ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਉਨ੍ਹਾਂ ਨੂੰ ਧਰਮ ਪਰਿਵਰਤਨ ਲਈ ਲੁਭਾਇਆ। ਪਰ ਜਲਦੀ ਹੀ ਉਨ੍ਹਾਂ ਨੇ ਦੇਖਿਆ ਕਿ ਗੁਰੂ ਜੀ ਦੇ ਧਰਮ ਪਰਿਵਰਤਨ ਦਾ ਕੰਮ ਇਤਨਾ ਸੌਖਾ ਨਹੀਂ ਸੀ ਜਿਤਨਾ ਉਨ੍ਹਾਂ ਨੇ ਸੋਚਿਆ ਸੀ । ਬਾਦਸ਼ਾਹ ਨੂੰ ਨਿਯਮਿਤ ਤੌਰ ’ਤੇ ਸਾਰੇ ਉਪਰਾਲਿਆਂ ਦੀ ਜਾਣਕਾਰੀ ਦਿੱਤੀ ਗਈ। ਗੁਰੂ ਜੀ ਨੂੰ ਯਕੀਨ ਦਿਵਾਉਣ ਜਾਂ ਲੁਭਾਉਣ ਵਿੱਚ ਅਸਫਲ ਰਹਿਣ ਤੋਂ ਬਾਅਦ ਉਨ੍ਹਾਂ ਨੇ ਜ਼ਬਰਦਸਤੀ ਕਰਨ ਬਾਰੇ ਸੋਚਿਆ ਅਤੇ ਜੇ ਲੋੜ ਪਵੇ ਤਾਂ ਤਸੀਹੇ ਦਿਤੇ ਜਾਣ ਤੇ ਖਤਮ ਕਰ ਦਿਤਾ ਜਾਵੇ। ਪਰ ਗੁਰੂ ਜੀ ਨੂੰ ਫਾਂਸੀ ਦੇਣ ਨਾਲ ਲੋਕਾਂ ਵਿੱਚ ਗ਼ਲਤ ਸੰਦੇਸ਼ ਜਾਣਾ ਸੀ। ਇਸ ਲਈ ਤਸੀਹੇ ਦੇਣਾ ਹੀ ਸਹੀ ਸਮਝਿਆ ਗਿਆ। ਉਨ੍ਹਾਂ ਨੇ ਪਹਿਲਾਂ ਗੁਰੂ ਜੀ ਦੇ ਸਿੱਖਾਂ ਨੂੰ ਤਸੀਹੇ ਦੇਣ ਦੀ ਯੋਜਨਾ ਬਣਾਈ ਤਾਂ ਕਿ ਗੁਰੂ ਜੀ ਦੇ ਮਨ ਵਿਚ ਡਰ ਪੈਦਾ ਹੋ ਜਾਵੇ ਤੇ ਉਹ ਇਸਲਾਮ ਕਬੂਲ ਕਰ ਲੈਣ। ਗੁਰੂ ਤੇਗ ਬਹਾਦਰ ਜੀ ਦੀ ਫਾਂਸੀ ਨੂੰ ਆਖਰੀ ਹਥਿਆਰ ਮੰਨਿਆ ਗਿਆ।


ਇਸ ਪਿੱਛੋਂ ਤਸ਼ੱਦਦ ਦੀ ਸਭ ਤੋਂ ਭਿਆਨਕ ਕਹਾਣੀ ਅਤੇ ਵਿਰੋਧ ਅਤੇ ਨਿਡਰਤਾ ਦੀ ਮਹਾਨ ਕਹਾਣੀ ਸ਼ੁਰੂ ਹੋ ਗਈ ਸ਼ਬਦ **“ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ”** ਦਾ ਅਸਲ ਗੁਰੂ ਜੀ ਤੇ ਸਿੱਖਾਂ ਨੇ ਸੱਚ ਕਰ ਦਿਖਾਇਆ।ਮਹਾਨ ਸ਼ਹੀਦਾਂ ਨੇ ਉਹ ਕੀਤਾ ਜੋ ਹੁਣ ਭਾਰਤੀ ਇਤਿਹਾਸ ਦੇ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾ ਰਿਹਾ ਹੈ।

ਇਹ ਇਤਿਹਾਸ 10 ਨਵੰਬਰ 1675 ਨੂੰ ਬਣਾਇਆ ਗਿਆ । ਗੁਰੂ ਤੇਗ ਬਹਾਦਰ ਜੀ ਦੇ ਪਹਿਲੇ ਸਿੱਖ ਜਿਸਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਿਆ ਗਿਆ ਸੀ ਭਾਈ ਮਤੀ ਦਾਸ ਸਨ। ਭਾਈ ਮਤੀ ਦਾਸ ਕੇਵਲ ਗੁਰੂ ਜੀ ਦੇ ਬਹੁਤ ਹੀ ਸਮਰਪਤ ਸਿੱਖ ਹੀ ਨਹੀਂ ਸਨ, ਬਲਕਿ ਗੁਰੂ ਜੀ ਦੇ ਦੀਵਾਨ ਅਤੇ ਗ੍ਰਹਿ ਮੰਤਰੀ (ਘਰਬਾਰੀ) ਵੀ ਸਨ। ।1॥ ਉਸਦੇ ਸਰੀਰ ਨੂੰ ਆਰੇ ਨਾਲ ਚਿਰਾਉਣ ਦਾ ਹੁਕਮ ਸੀ ਤਾਂ ਕਿ ਅਪਣੇ ਸਿੱਖ ਨੂੰ ਦੋਫਾੜ ਹੁੰਦਾ ਦੇਖ ਕੇ ਗੁਰੂ ਜੀ ਡਰ ਜਾਣ ਤੇ ਇਸਲਾਮ ਸਵੀਕਾਰ ਕਰਨ। ਭਾਈ ਮਤੀ ਦਾਸ ਨੂੰ ਦੋ ਤਖ਼ਤਾਂ ਦੇ ਵਿਚਕਾਰ ਬੰਨ੍ਹਿਆ ਹੋਇਆ ਸੀ ਅਤੇ ਉਸਦੇ ਸਿਰ ਤੋਂ ਆਰੇ ਨਾਲ ਚੀਰਨਾ ਸ਼ੁਰੂ ਹੋਇਆ । ਭਾਈ ਮਤੀ ਦਾਸ ਪੂਰੀ ਤਰ੍ਹਾਂ ਸ਼ਾਂਤ ਰਹੇ ਅਤੇ ਗੁਰੂ ਜੀ ਦੇ ਸਾਮ੍ਹਣੇ ਗੁਰਬਾਣੀ ਦਾ ਪਾਠ ਕਰਨਾ ਅਰੰਭ ਕਰ ਦਿੱਤਾ। ਉਨ੍ਹਾਂ ਦਾ ਪਾਠ ਅਰਦਾਸ ਦੀ ਸਾਰੀ ਪ੍ਰਕ੍ਰਿਆ ਵਿਚ ਜਾਰੀ ਰਿਹਾ। ਜਦੋਂ ਉਨ੍ਹਾਂ ਦਾ ਸਰੀਰ ਦੋ ਟੁਕੜਿਆਂ ਵਿੱਚ ਵੀ ਹੋ ਗਿਆ ਸੀ ਤਾਂ ਦੋਹਾਂ ਹਿੱਸਿਆਂ ਵਿੱਚੋਂ ਹੀ ਵਾਹਿਗੁਰੂ ਦਾ ਨਾਮ ਉਭਰਦਾ ਸੁਣਿਆ ਜਾ ਸਕਦਾ ਸੀ।

(ਅਰਧੋ ਅਰਧ ਚਿਰੈ ਸੁ ਦਾਰਾ। ਪਰਯੋ ਪਿਰਥੀ ਪਾਰਿ ਹੋਇ ਦੋਫਾਰਾ। ਦੋਨਹੁ ਤਨ ਤੇ ਜਪੁਜੀ ਪੜੈ॥ ਹਰਤ ਸਭ ਕੇ ਅਚਰਜ ਬਧੈ॥)।2॥

ਮੈਕਾਲਫ਼ ਦੇ ਅਨੁਸਾਰ ”ਇਹ ਕਿਹਾ ਜਾਂਦਾ ਹੈ ਕਿ ਜਦੋਂ ਉਸਦਾ ਸਰੀਰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ, ਤਾਂ ਵੀ ਉਹ ਸਿੱਖਾਂ ਦੀ ਮਹਾਨ ਸਵੇਰ-ਪ੍ਰਾਰਥਨਾ ਨੂੰ ਦੁਹਰਾਉਂਦਾ ਰਿਹਾ, ਅਤੇ ਉਦੋਂ ਹੀ ਚੁੱਪ ਹੋਇਆ ਜਦੋਂ ਉਸ ਦਾ ਪਾਠ ਪੂਰਾ ਹੋ ਗਿਆ।”।3॥

ਨਾ ਤਾਂ ਗੁਰੂ ਅਤੇ ਨਾ ਹੀ ਉਨ੍ਹਾਂ ਦੇ ਸਿੱਖ ਤਸੀਹਆਂ ਤੋਂ ਡਰੇ ਜਾਂ ਝੁਕੇ। ਬਾਦਸ਼ਾਹ ਦਾ ਹੁਕਮ: ”ਤੇਗ ਬਹਾਦੁਰ ਨੂੰ ਤਲਵਾਰ ਦੇ ਘਾਟ ਉਤਾਰੋ ਅਤੇ ਉਸਦੇ ਸਰੀਰ ਦੇ ਕੁਝ ਹਿੱਸੇ ਸ਼ਹਿਰ ਦੇ ਦਰਵਾਜ਼ਿਆਂ ਤੇ ਪ੍ਰਦਰਸ਼ਤ ਕਰੋ” ਜਲਦੀ ਹੀ ਔਰੰਗਜ਼ੇਬ ਤੋਂ ਪ੍ਰਾਪਤ ਹੋਇਆ।



# ਭਾਈ ਮਤੀ ਦਾਸ ਜੀ ਦੀ ਅਜ਼ੀਮ ਸ਼ਹਾਦਤ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਨੇ,

**"ਜਉ ਤਉ ਪ੍ਰੇਮ ਖੇਲਣ ਕਾ ਚਾਉ**
**ਸਿਰ ਧਰਿ ਤਲੀ ਗਲੀ ਮੇਰੀ ਆਉ"**

ਸਲੋਕ ਮਹਲਾ ੧ ਵਾਰਾਂ ਤੇ ਵਧੀਕ ਅੰਗ ੧੪੧੦ ਸ੍ਰੀ ਗੁ ਗ੍ਰੰ ਸਾ

ਉਚਾਰ ਕੇ ਸਿੱਖ ਕੌਮ ਨੂੰ ਮੌਤ ਦਾ ਡਰ ਤਿਆਗਣ ਦੀ ਅਜਿਹੀ ਗੁੜ੍ਹਤੀ ਪਿਲਾਈ ਕਿ ਸਿੱਖ ਕੌਮ ਨੇ ਵਿਸ਼ਵ ਇਤਿਹਾਸ ਵਿੱਚ ਕੁਰਬਾਨੀਆਂ ਦਾ ਇੱਕ ਅਦੁੱਤਾ ਇਤਿਹਾਸ ਰੱਚ ਦਿਖਾਇਆ। ਉਹ ਇਤਿਹਾਸ, ਜਿਸ ਵਰਗਾ ਇਤਿਹਾਸ ਹਜ਼ਾਰਾਂ ਸਾਲਾਂ ਤੋਂ ਇਸੇ ਧਰਤੀ 'ਤੇ ਵਿਚਰਨ ਵਾਲੀਆਂ ਕੌਮਾਂ ਨਹੀਂ ਰੱਚ ਸਕੀਆਂ। ਗੁਰੂ ਨਾਨਕ ਸਾਹਿਬ ਦੀ ਇਸ ਗੁੜਤੀ ਸਦਕੇ, ਸਿੱਖ ਕੌਮ ਦਿਆਂ ਅਸੂਲਾਂ ਵਿਚ ਵਿਸ਼ਵਾਸ ਰੱਖਣ ਵਾਲਿਆਂ ਨੇ, ਜ਼ਾਲਿਮ ਹੁਕਮਰਾਨਾਂ ਦੀ ਈਨ ਮੰਨਣ ਦੀ ਥਾਂ, ਜੇਲ੍ਹਾਂ ਵਿੱਚ ਮਿਲਣ ਵਾਲੇ ਤਸੀਹੇ ਸਹਿਣੇ ਮਨਜ਼ੂਰ ਕੀਤੇ। ਸਿੱਖ ਧਰਮ ਵਿਚ ਸ਼ਹਾਦਤ ਆਪਣੇ ਹੱਕ, ਸੱਚ, ਅਨਿਆਂ ਅਤੇ ਜ਼ਬਰ-ਜ਼ੁਲਮ ਦੇ ਖ਼ਿਲਾਫ਼ ਸਿਰ ਉਠਾ ਕੇ ਜੀਣ ਲਈ ਸੰਘਰਸ਼ ਕਰਨ ਕਾਰਨ ਹੋਂਦ ਵਿਚ ਆਈ। ਇਸ ਵਿਚ ਕਿਸੇ ਕਿੰਤੂ-ਪ੍ਰੰਤੂ ਜਾਂ ਸਮਝੌਤੇ ਦੀ ਗੁੰਜਾਇਸ਼ ਨਹੀਂ। ਇਸੇ ਫ਼ਲਸਫੇ ਦੇ ਕਾਰਨ, ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਅਨੇਕ ਸਿੱਖ ਆਪਣੇ ਧਰਮ ਦੀ ਰੱਖਿਆ ਲਈ ਲੜਾਈਆਂ ਲੜਦੇ ਸ਼ਹੀਦ ਹੋਏ। ਕਾਸ਼ ਬੀਤਿਆ ਸਮਾਂ ਮੁੜ ਸਕਦਾ ਤਾਂ ਜੋ ਅਸੀਂ ਉਨ੍ਹਾਂ ਮਹਾਨ ਸ਼ਹੀਦਾਂ ਦੇ ਨਾਮ ਅਤੇ ਪਿਛੋਕੜ ਨੂੰ ਜਾਣ ਸਕਦੇ?

ਸਿੱਖ ਇਤਿਹਾਸ ਵਿਚ, ਸ਼ਹਾਦਤਾਂ ਦੇ ਰੂਪ ਵਿਚ ਕੁਰਬਾਨੀਆਂ ਦੀ ਅਦੁੱਤੀ ਮਿਸਾਲ ਰਚਣ ਵਾਲੇ ਮੁਢਲੇ ਸ਼ਹੀਦਾਂ 'ਚੋਂ, ਜਿਨ੍ਹਾਂ ਦਾ ਪਿਛੋਕੜ ਅਸੀਂ ਜਾਣ ਸਕੇ ਹਾਂ, ਭਾਈ ਮਤੀ ਦਾਸ ਜੀ ਦਾ ਇੱਕ ਵੱਡ-ਮੁੱਲਾ ਯੋਗਦਾਨ ਹੈ। ਸਿੱਖ ਇਤਿਹਾਸ ਵਿਚ ਭਾਈ ਮਤੀ ਦਾਸ ਜੀ ਉਹ ਪਹਿਲੇ ਸਿੱਖ ਸ਼ਹੀਦ ਹੋਏ ਹਨ, ਜਿਨ੍ਹਾਂ ਨੇ ਆਪਣੇ ਗੁਰੂ ਦੇ ਸਨਮੁੱਖ ਕਿਸੇ ਹੋਰ ਦੇ ਧਰਮ (ਜਿਸ ਧਰਮ ਦੀ ਰੀਤੀ-ਰਿਵਾਜ ਵਿੱਚ ਉਹ ਆਪ ਵਿਸ਼ਵਾਸ ਨਹੀਂ ਰਖਦੇ ਸਨ) ਦੀ ਰਖਿਆ ਲਈ ਸ਼ਾਤੀ-ਪੂਰਵਕ ਢੰਗ ਨਾਲ ਸ਼ਹਾਦਤ ਅੰਜਾਮ ਦੇਣ ਦਾ ਨਿਰਣਾ ਲਿਆ। ਭਾਈ ਮਤੀ ਦਾਸ ਜੀ ਦੀ ਸ਼ਹਾਦਤ ਦਾ ਅਚੰਭਾ, ਇੱਕ ਸਿੱਖ ਦੇ ਸਿਦਕ ਦੇ ਬਿਰਤਾਂਤ ਦੀ ਇੰਤਹਾ ਹੀ ਬਿਆਨ ਕਰਦੀ ਹੈ।

ਅਜੋਕੇ ਪਾਕਿਸਤਾਨ ਦੇ ਪੋਠੋਹਾਰ ਇਲਾਕੇ ਦੀ ਦਿਲ-ਖਿਚਵੀਂ ਸੁੰਦਰਤਾ ਵਿੱਚ ਜਿਹਲਮ ਜ਼ਿਲ੍ਹੇ ਦੇ ਸ਼ਹਿਰ ਚਕਵਾਲ ਤੋਂ ਕੁਝ ਮੀਲਾਂ ਦੀ ਵਿੱਥ ਤੇ ਕਰਿਆਲਾ ਨਗਰ ਆਬਾਦ ਹੈ। ਇਸ ਇਲਾਕੇ ਦੇ ਵਸਨੀਕ ਭਾਈ ਪਿਰਾਗਾ ਜੀ (ਭਾਈ ਪਰਾਗ ਦਾਸ ਜੀ), ਸੰਤ ਸੁਭਾਅ ਦੇ ਮਾਲਿਕ ਅਤੇ ਸਿਮਰਨ ਵਿੱਚ ਲੀਨ ਰਹਿਣ ਵਾਲੇ ਆਤਮ ਗਿਆਨੀ ਹੋ ਚੁੱਕੇ ਹਨ। ਭਾਈ ਪਿਰਾਗਾ ਜੀ( ਭਾਈ ਪਰਾਗ ਦਾਸ ਜੀ), ਇਲਾਕੇ ਦੇ ਮੁਹਤਬਰ ਛਿੱਬਰ ਬ੍ਰਾਹਮਣ ਭਾਈ ਗੌਤਮ ਦਾਸ ਆਤਮ ਗਿਆਨੀ ਜੀ ਦੇ ਸਪੁੱਤਰ ਸਨ। ਲੋਕੀ, ਦੂਰੋਂ ਪਾਰੋਂ ਭਾਈ ਗੌਤਮ ਦਾਸ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦੀ ਜੀਵਨ-ਜੁਗਤੀ ਸਮਝਣ ਦੇ ਚਾਹਵਾਨ ਬਣ

ਆਉਂਦੇ ਰਹੇ ਸਨ। ਭਾਈ ਪਿਰਾਗਾ ਜੀ(ਭਾਈ ਪਰਾਗ ਦਾਸ ਜੀ) ਜੋ ਗੁਰੂ ਅਰਜਨ ਦੇਵ ਜੀ ਦੇ ਸਮਿਆਂ ਵਿੱਚ ਸਿੱਖੀ ਨੂੰ ਅਪਣਾ ਲਿਆ ਸੀ। ਗੁਰਸਿੱਖੀ ਦੀ ਪਾਣ ਕਾਰਨ, ਭਾਈ ਪਿਰਾਗਾ ਜੀ ( ਭਾਈ ਪਰਾਗ ਦਾਸ ਜੀ)ਨੇ ਗੁਰੂ ਹਰਿਗੋਬਿੰਦ ਜੀ ਦੇ ਸਮਿਆਂ ਵਿਚ ਲੜੇ ਜਾਣ ਵਾਲੇ ਧਰਮ ਯੁੱਧਾਂ ਵਿਚ ਹਿੱਸਾ ਵੀ ਲਿਆ।

ਸਿੱਖ ਖੋਜਕਾਰ ਗਿਆਨੀ ਮੋਤਾ ਸਿੰਘ ਚਕਵਾਲੀਏ ਜੀ (ਜੋ ਬ੍ਰਿਟਿਸ਼ ਸਰਕਾਰ ਵਿਚ ਜੱਜ ਦੇ ਆਹੁਦੇ ਤੋਂ ਰਿਟਾਇਰ ਹੋਏ) ਦੁਆਰਾ ਹਰਿਦੁਆਰ ਦਿਆਂ ਪਾਂਡਿਆ ਦੀਆਂ ਵਹੀਆਂ(ਭੱਟ ਵਹੀਆਂ ਵਾਂਗਰਾਂ ਹੀ) 'ਤੇ ਆਧਾਰਿਤ ਖੋਜ ਅਨੁਸਾਰ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ, ਦੋਵੇਂ ਭਰਾ, ਭਾਈ ਪਿਰਾਗਾ ਜੀ ਦੇ ਸਪੁੱਤਰ ਭਾਈ ਹੀਰਾ ਨੰਦ ਜੀ ਦੀ ਸੰਤਾਨ ਸਨ। ਕੁਝ ਇਤਿਹਾਸਕਾਰ ਇਨ੍ਹਾਂ ਦੋਹਾਂ ਭਰਾਵਾਂ ਨੂੰ ਭਾਈ ਪਿਰਾਗਾ ਜੀ ਦੇ ਪੋਤੇ ਭਾਈ ਕਬੂਲ ਦਾਸ ਜੀ ਦੀ ਸੰਤਾਨ ਲਿਖਦੇ ਸਨ। ਭੱਟ ਵਹੀ ਮੁਲਤਾਨੀ ਸਿੰਧੀ( ਖਾਤਾ ਪੁਆਰ ਜਲਹਾਨੇ ਕਾ) ਅਨੁਸਾਰ, "(ਭਾਈ )ਮਤੀ ਦਾਸ ਜੀ ਅਤੇ (ਭਾਈ) ਸਤੀ ਦਾਸ ਜੀ, ਬੇਟੇ ਹੀਰਾ ਨੰਦ ਕੇ, ਪੋਤੇ ਦਵਾਰਕਾ ਕੇ, ਪੜਪੋਤੇ ਪਰਾਗ ਦਾਸ ਕੇ ਬੰਸ ਬਾਵਾ ਗੌਤਮ ਜੀ ਕਾ ਸਾਰਸੁਤੀ ਭਾਰਗਵ ਗੋਤ੍ਰੇ ਛਿਬਰ ਬ੍ਰਾਹਮਨ ਮਝਾਲ ਸਨ।" ਮੁਢਲੇ ਸਿੱਖ ਖੋਜਕਾਰ ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ,"ਮਤੀਦਾਸ- ਇਹ ਧਰਮਵੀਰ ਆਤਮਗਿਆਨੀ ਸਿੱਖ ਭਾਈ ਪਰਾਗੇ ਦਾ ਜੇਠਾ ਪੁੱਤਰ ਸੀ। ਸਤਿਗੁਰ ਤੇਗ਼ ਬਹਾਦੁਰ ਜੀ ਨੇ ਭਾਈ ਮਤੀ ਦਾਸ ਨੂੰ ਆਪਣਾ ਦੀਵਾਨ ਥਾਪਿਆ। ਅਰ ਇਹ ਨੌਮੇ ਸਤਿਗੁਰੂ ਜੀ ਦੇ ਨਾਲ ਦਿੱਲੀ ਵਿਚ ਕੈਦ ਹੋਇਆ ਅਤੇ ਇਸਲਾਮ ਨਾ ਕਬੂਲ ਕਰਨ ਪੁਰ ਸੰਬਤ 1732 ਵਿਚ ਆਰੇ ਨਾਲ ਚਿਰਵਾਇਆ ਗਿਆ। ਮਤੀ ਦਾਸ ਦੇ ਸਿਰ ਪੁਰ ਜਦ ਆਰਾ ਚਲ ਰਿਹਾ ਸੀ, ਤਦ ਵੀ ਜਪੁ ਸਾਹਿਬ ਦੇ ਪਾਠ ਮੁੱਖੋ ਨਿਕਲਦਾ ਸੀ।" ਪੰਨਾ 707)

ਉਪ੍ਰੋਕਤ ਜਾਣਕਾਰੀ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੇ ਪਿਤਾ ਦੇ ਨਾਮ ਨਾਲ ਸਹਿਮਤੀ ਨਹੀਂ ਦਰਸਾਉਂਦੀ ਪਰ ਦੋਹਾਂ ਮਹਾਨ ਸ਼ਹੀਦਾਂ ਦੇ ਪਿਛੋਕੜ ਨੂੰ ਭਾਈ ਪਰਾਗਾ ਜੀ ਦੇ ਨਾਲ ਤਾਂ ਜੋੜਦੀ ਹੀ ਹੈ। ਗਿਆਨੀ ਮੋਤਾ ਸਿੰਘ ਚਕਵਾਲੀਏ, ਆਪ ਚਕਵਾਲ ਦੇ ਰਹਿਣ ਵਾਲੇ ਸੀ। ਉਨ੍ਹਾਂ ਦੀ ਖੋਜ ਸਭ ਤੋਂ ਆਧੁਨਿਕ ਖੋਜ ਹੋਣ ਕਾਰਨ, ਉਨ੍ਹਾਂ ਦੀ ਖੋਜ ਤੇ ਜ਼ਿਆਦਾ ਭਰੋਸਾ ਕੀਤਾ ਜਾ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ, ਗੁਰ-ਗੱਦੀ ਤੇ ਬੈਠਣ ਸਮੇਂ ਗੁਰੂ ਹਰਿਗੋਬਿੰਦ ਜੀ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਸਨ। ਕੁਝ ਸਮਾਂ ਪਾ ਕੇ ਗੁਰੂ ਹਰਿਗੋਬਿੰਦ ਜੀ ਨੇ ਲੜਾਕੇ ਤੇ ਬਹਾਦੁਰ ਸਿੱਖਾਂ ਦੀ ਇੱਕ ਫ਼ੌਜ ਤਿਆਰ ਕਰਨ ਦਾ ਫ਼ੈਸਲਾ ਲਿਆ ਸੀ। ਉਸ ਸਮੇਂ ਭਾਈ ਪਰਾਗਾ ( ਭਾਈ ਪਰਾਗ ਦਾਸ )ਜੀ ਵੀ ਗੁਰੂ ਹਰਿਗੋਬਿੰਦ ਜੀ ਦੀ ਸੈਨਾ ਦਾ ਹਿੱਸਾ ਬਣੇ। ਗੁਰੂ ਸਾਹਿਬ ਨੇ ਭਾਈ ਪਰਾਗਾ ਜੀ ਦਾ ਪਿਛੋਕੜ ਵੇਖਦਿਆਂ, ਭਾਈ ਪਰਾਗਾ ਜੀ ਨੂੰ ਇੱਕ ਦਸਤੇ ਦਾ ਮੁਖੀ ਥਾਪਿਆ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਦੁਆਰਾ ਲੜੀ ਗਈ ਦੂਜੀ ਲੜਾਈ ਵਿੱਚ ਭਾਈ ਪਰਾਗਾ ਜੀ ਨੇ ਆਪਣੀ ਬਹਾਦੁਰੀ ਦੇ ਜੌਹਰ ਦਿਖਾਏ ਸਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਿੱਖੀ ਧਾਰਨ ਕਰਨ ਸਦਕੇ, ਭਾਈ ਪਰਾਗਾ ਜੀ ਦੇ ਪੋਤੇ ਨੇ ਆਪਣੇ ਅੰਤਿਮ ਸਮੇਂ ਆਪਣੇ ਦੋਵੇਂ ਪੁੱਤਰਾਂ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੀ ਦੇਖ-ਭਾਲ ਕਰਨ ਲਈ, ਗੁਰੂ ਹਰਿ ਰਾਏ ਜੀ ਨੂੰ ਸੌਂਪਣਾ ਕਰ ਦਿੱਤੀ ਸੀ। ਵਕਤ ਬੀਤਣ ਦੇ ਨਾਲ, ਗੁਰੂ ਘਰ ਵਿਚ ਰਹਿੰਦਿਆਂ ਦੋਵੇਂ ਭਰਾਵਾਂ ਦੀ ਗੁਰੂ ਘਰ ਦੇ ਨਾਲ ਨੇੜਤਾ ਵਧਦੀ ਗਈ। ਭਾਈ ਮਤੀ ਦਾਸ ਜੀ ਨੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਨਿਕਟਵਰਤੀ ਅਤੇ ਭਰੋਸੇ ਵਾਲੇ ਸਿੱਖ ਹੋਣ ਦਾ ਮਾਣ ਪ੍ਰਾਪਤ ਕੀਤਾ।

ਕੁਝ ਇਤਿਹਾਸਕਾਰਾਂ ਦਾ ਮਤ ਹੈ ਕਿ ਗੁਰ-ਗੱਦੀ ਤੇ ਬੈਠਣ ਤੋਂ ਬਾਅਦ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਨੂੰ ਜਾਣ ਵਾਲੇ ਕਾਫ਼ਲੇ ਵਿਚ ਭਾਈ ਗੁਰਦਿੱਤਾ ਜੀ, ਭਾਈ ਦਇਆਲਾ ਜੀ ਦੇ ਨਾਲ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਵੀ ਸ਼ਾਮਿਲ ਹੋਏ ਸਨ। ਦਿੱਲੀ ਵਿਚ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ-ਜੋਤ ਸਮਾਉਣ ਲਗਿਆਂ,'ਬਾਬਾ ਬਕਾਲੇ' ਦਾ ਸੰਕੇਤ ਦਿੱਤਾ ਸੀ, ਜਿਸ ਤੱਥ ਦੇ ਗਵਾਹ ਭਾਈ ਦਇਆਲਾ ਜੀ, ਭਾਈ ਗੁਰਦਿੱਤਾ ਜੀ ਅਤੇ ਦੋਵੇਂ ਭਰਾ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਵੀ ਸਨ। ਦਿੱਲੀ ਵਿਚ, ਗੁਰਦਵਾਰਾ ਬਾਲਾ ਸਾਹਿਬ ਦੇ ਸਥਾਨ ਤੇ ਗੁਰੂ ਹਰਿਕ੍ਰਿਸ਼ਨ ਜੀ ਦੀ ਦੇਹ ਦਾ ਸਸਕਾਰ 10 ਮਾਰਚ ਸੰਨ 1664ਈ ਨੂੰ ਕਰਨ ਮਗਰੋਂ, ਸਾਰਾ ਗੁਰੂ ਕਾਫ਼ਲਾ ਨੌਵੇਂ ਗੁਰੂ ਦੀ ਭਾਲ ਵਿਚ ਬਕਾਲੇ ਲਈ ਰਵਾਨਾ ਹੋ ਗਿਆ ਸੀ।

ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਬਕਾਲਾ ਵਿਖੇ ਭਾਈ ਮਖੱਣ ਸ਼ਾਹ ਲੁਭਾਣਾ ਦੁਆਰਾ ਨੌਵੇਂ ਨਾਨਕ ਦੇ ਰੂਪ ਵਿਚ(ਗੁਰੂ) ਤੇਗ਼ ਬਹਾਦੁਰ ਜੀ ਨੂੰ ਪ੍ਰਗਟ ਕਰਨ ਅਤੇ ਦਿੱਲੀ ਤੋਂ ਗੁਰੂ ਕਾਫਲਾ ਬਕਾਲਾ ਪੁਜੱਣ ਮਗਰੋਂ 20 ਮਾਰਚ ਸੰਨ 1664ਈ ਨੂੰ ਗੁਰਿਆਈ ਦੇ ਤਿਲਕ ਦੀ ਰਸਮ ਬਾਬਾ ਬੁੱਢਾ ਜੀ ਦੇ ਪੜਪੋਤੇ ਬਾਬਾ ਗੁਰਦਿੱਤਾ ਜੀ ਨੇ ਅਦਾ ਕੀਤੀ। ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ ਪੁਸਤਕ ਦੇ ਪੰਨਾ 95 ਤੇ ਦਰਜ ਟਿਪਣੀ ਅਨੁਸਾਰ "ਸੰਮਤ 1721 ਬਿ: ਭਾਦਰੋਂ ਦੀ ਅਮਾਵਸ(1664ਈ) ਮਾਤਾ ਸੁਲੱਖਣੀ ਦੇ ਬੁਲਾਉਣ ਉੱਤੇ ਬਾਬਾ ਦੁਆਰਕਾ ਦਾਸ ਭੱਲਾ ਸਪੁੱਤਰ ਬਾਬਾ ਅਰਜਾਣੀ ਸਾਹਿਬ,

ਪੋਤੇ ਬਾਬਾ ਮੋਹਰੀ ਜੀ ਨੇ ਗੁਰੂ ਤੇਗ਼ ਬਹਾਦੁਰ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ।" ਰਸਮ ਅਦਾ ਹੋਣ ਮਗਰੋਂ ਮਾਤਾ ਜੀ ਦੀ ਸਲਾਹ ਤੇ, ਗੁਰੂ ਤੇਗ਼ ਬਹਾਦੁਰ ਜੀ ਅਤੇ ਸਾਰੇ ਸਿੱਖਾਂ ਨੇ ਕੀਰਤਪੁਰ ਸਾਹਿਬ ਲਈ ਰਵਾਨਗੀ ਕੀਤੀ।

ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰ-ਗੱਦੀ 'ਤੇ ਬੈਠਣ ਮਗਰੋਂ, ਸੰਮਤ 1722 ਬਿ: 29 ਹਾੜ( ਸੰਨ 1665 ਈ) ਨੂੰ ਗੁਰੂ ਤੇਗ਼ ਬਹਾਦੁਰ ਜੀ ਨੇ, ਮਾਖੋਵਾਲ ਦੀ ਜ਼ਮੀਨ ਖਰੀਦ ਕੇ ਬਾਬਾ ਗੁਰਦਿੱਤਾ ਰੰਧਾਵਾ( ਪੜਪੋਤੇ ਬਾਬਾ ਬੁੱਢਾ ਜੀ) ਦੇ ਹਸਤ ਕਮਲਾਂ ਤੋਂ ਨਵੇਂ ਪਿੰਡ 'ਚੱਕ ਨਾਨਕੀ' ਦੀ ਨੀਂਹ ਰਖਵਾਈ। ਉਸੇ ਸਮੇਂ, ਗੁਰੂ ਤੇਗ਼ ਬਹਾਦੁਰ ਜੀ ਨੇ ਭਾਈ ਮਤੀ ਦਾਸ ਜੀ ਨੂੰ ਗੁਰੂ ਘਰ ਦੇ ਪ੍ਰਬੰਧ ਵਿਚ ਵਿੱਤ ਵਿਭਾਗ ਦਾ ਦੀਵਾਨ ਤੇ ਭਾਈ ਸਤੀ ਦਾਸ ਜੀ ਨੂੰ ਲੰਗਰ-ਪਾਣੀ(ਰਸੋਈ) ਅਤੇ ਭਾਈ ਦਇਆਲਾ ਜੀ ਨੂੰ ਗੁਰੂ ਘਰ ਦੀ ਦੇਖ-ਰੇਖ ਦੀਆਂ ਜ਼ੁੰਮੇਵਾਰੀਆਂ ਦੀ ਸੌਂਪਣਾ ਕੀਤੀ। ਅਨੰਦਪੁਰ ਸਾਹਿਬ ਦੀ ਉਸਾਰੀ ਦੀ ਦੇਖ-ਰੇਖ ਦਾ ਕੰਮ ਦੀ ਸੌਂਪਣਾ ਵੀ ਭਾਈ ਮਤੀ ਦਾਸ ਜੀ ਨੂੰ ਹੀ ਕੀਤੀ ਗਈ। ਸੰਨ 1665ਈ ਤੋਂ ਸੰਨ 1670ਈ ਵਿਚਕਾਰ ਗੁਰੂ ਤੇਗ਼ ਬਹਾਦੁਰ ਜੀ ਦੀ ਧਰਮ ਪ੍ਰਚਾਰ ਲਈ ਪੂਰਬ ਦੀ ਯਾਤਰਾ ਸਮੇਂ ਭਾਈ ਮਤੀ ਦਾਸ ਜੀ ਗੁਰੂ ਕਾਫ਼ਲੇ ਦੇ ਮੈਂਬਰ ਬਣਾਏ ਗਏ ਸਨ। ਇਸ ਸਮੇਂ ਵਿਚ ਗੁਰੂ ਤੇਗ਼ ਬਹਾਦੁਰ ਜੀ ਦੀ ਇੱਛਾ ਅਨੁਸਾਰ, ਚੱਕ ਨਾਨਕੀ ਦੀ ਉਸਾਰੀ ਦੀ ਸੇਵਾ ਭਾਈ ਸਤੀ ਦਾਸ ਜੀ ਨੇ ਨਿਭਾਈ।

ਆਪਣੇ ਧਰਮ ਨੂੰ ਵਧਦਾ-ਫੁਲਦਾ ਦੇਖਣ ਦਾ ਚਾਹਵਾਨ, ਕਟੱੜਵਾਦੀ ਸੋਚ ਵਾਲਾ ਅਕਸਰ ਖੁੱਦ ਨੂੰ ਧਰਮ ਰੱਖਿਅਕ ਸਮਝਣ ਲਗ ਪੈਂਦਾ ਹੈ। ਹਿੰਦੁਸਤਾਨ ਦੇ ਤਖ਼ਤ ਤੇ ਬੈਠਾ ਔਰੰਗਜ਼ੇਬ (ਪੂਰਾ ਨਾਮ ਅਬੂਜ਼ਫਰ ਮਹੁੱਈਉਦੀਨ ਮੁਹੰਮਦ ਔਰੰਗਜ਼ੇਬ) ਵੀ ਇਸੇ ਸੋਚ ਦਾ ਧਾਰਨੀ ਸੀ। ਔਰੰਗਜ਼ੇਬ ਨੇ, ਆਪਣੀ ਰਾਜਸੀ ਤਾਕਤ ਦੇ ਜ਼ੋਰ ਤੇ ਇਸਲਾਮ ਨੂੰ ਵਧਾਉਣ ਦੀ ਆੜ ਵਿਚ, ਹੋਰ ਧਰਮਾਂ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਦੇ ਧਰਮ ਬਦਲਣ ਲਈ ਧੱਕਾ ਜ਼ੋਰੀ ਮਜਬੂਰ ਕਰਨਾ ਆਰੰਭ ਕਰ ਦਿੱਤਾ ਸੀ। ਧਰਮ ਪਰਿਵਰਤਨ ਦੇ ਜ਼ੁਲਮ ਤੋਂ ਭੈਭੀਤ ਹੋ ਕੇ , ਕਸ਼ਮੀਰੀ ਪੰਡਤਾਂ ਦਾ ਇਕ ਟੋਲਾ, ਆਪਣੇ ਮੁਖੀ ਪੰਡਤ ਕਿਰਪਾ ਰਾਮ ਦੱਤ ਦੀ ਅਗਵਾਈ ਹੇਠ , ਹਾਹਾਕਾਰ ਕਰਦਾ ਫਰਿਆਦੀ ਬਣ, ਸੰਨ 1675ਈ ਦੇ ਮਈ ਮਹੀਨੇ ਵਿਚ, ਆਨੰਦਪੁਰ ਸਾਹਿਬ ਪੁੱਜਾ ਸੀ। ਕਸਮੀਰੀ ਪੰਡਤਾਂ ਦੀ ਫਰਿਆਦ ਕਿ ਹਕੂਮਤ ਦੁਆਰਾ ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਸਾਡੀਆਂ ਧੀਆਂ ਭੈਣਾਂ ਨੂੰ ਮੁਲਸਮਾਨਾਂ ਨਾਲ ਜ਼ਬਰਦਸਤੀ ਵਿਆਹ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸਾਡੇ ਤਿਲਕ ਅਤੇ ਜਨੇਊ ਦੀ ਰਾਖੀ ਕਰਨ ਲਈ ਕੋਈ ਰਾਜਪੂਤ, ਮਰਹਟਾ ਅਤੇ ਕੋਈ ਹਿੰਦੂ ਪਹਾੜੀ ਰਾਜਾ ਤਿਆਰ ਨਹੀਂ। ਹਰ ਪਾਸਿਉਂ ਨਿਰਾਸ਼ ਹੋ ਕੇ ਅਸੀਂ ਗੁਰੂ ਨਾਨਕ ਦੇ ਦਰਬਾਰ ਵਿਚ ਫਰਿਆਦ ਲੈ ਕੇ ਹਾਜ਼ਿਰ ਹੋਏ ਹਾਂ। ਅਜਿਹੀ ਦਿਲ ਵਿੰਨਵੀਂ ਪੁਕਾਰ ਸੁਣ ਕੇ, ਉਨ੍ਹਾਂ ਦੇ ਤਿਲਕ ਤੇ ਜਨੇਊ ਦੀ ਰਾਖੀ ਅਤੇ ਭਾਰਤੀ ਲੋਕਾਂ ਦੀਆਂ ਆਤਮਾਵਾਂ ਨੂੰ ਝੰਜੋੜਨ ਲਈ, ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਨੇ ਨਿੱਜੀ ਬਲੀਦਾਨ ਦੇਣ ਦਾ ਸੰਕਲਪ ਲਿਆ। ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੇ ਟੋਲੇ ਨੂੰ ਧੀਰ ਬਨ੍ਹਾਉਂਦਿਆਂ ਕਿਹਾ ਕਿ "ਔਰੰਗਜ਼ੇਬ ਨੂੰ ਕਹਿ ਦਿਉ ਕਿ ਜੇ ਗੁਰੂ ਤੇਗ਼ ਬਹਾਦੁਰ ਜੀ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ।" ਇਸ ਮਿਲਣੀ ਦਾ ਵੇਰਵਾ ਭੱਟ ਵਹੀਆਂ ਵਿਚ ਹੇਠ ਲਿਖੇ ਅਨੁਸਾਰ ਮਿਲਦਾ ਹੈ("ਕ੍ਰਿਪਾ ਰਾਮ ਬੇਟਾ ਅੜੂ ਰਾਮ ਦਾ, ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮਦਾਸ ਕਾ, ਬੰਸ ਠਾਕਰ ਸਾਰਸੁਤ ਦੱਤ ਬ੍ਰਹਮਦਾਸ ਕੀ, ਭਾਰਜਵਾਜੀ ਗੋਤ੍ਰਾ, ਬਾਸੀ ਪਟਨ, ਪ੍ਰਗਨਾ ਸ੍ਰੀਨਗਰ, ਦੇਸ਼ ਕਸ਼ਮੀਰ ਖੋੜਸਮੁਖੀ ਕਸ਼ਮੀਰੀ ਬਰਾਹਮਨੋ ਕੋ ਸੰਗ ਲੇ ਕੇ, ਚੱਕ ਨਾਨਕੀ ਆਇਆ, ਪ੍ਰਗਨਾ ਕੋਹਲੂਰ ਮੇਂ ਸੰਬਤ ਸਤਰਾ ਸੈ ਬੱਤੀਸ, ਜੇਠ ਮਾਸੇ, ਸੁਦੀ ਇਕਾਦਸੀ ਕੇ ਦੇਹੁ( ਭੱਟ ਵਹੀ ਤਲਉਂਡਾ, ਪ੍ਰਗਨਾ ਜੀਂਦ)

ਸਿੱਖ ਇਤਿਹਾਸਕਾਰ ਸਵਰਗਵਾਸੀ ਡਾਕਟਰ ਸੰਗਤ ਸਿੰਘ ਜੀ ਅਨੁਸਾਰ, ਅਨੰਦਪੁਰ ਤੋਂ ਦਿੱਲੀ ਲਈ ਰਵਾਨਾ ਹੋਣ ਤੋਂ ਪਹਿਲਾਂ, ਗੁਰੂ ਤੇਗ਼ ਬਹਾਦੁਰ ਜੀ ਨੇ ਗੋਬਿੰਦ ਰਾਏ(ਦਾਸ)ਨੂੰ ਗੁਰਗੱਦੀ ਦਾ ਵਾਰਿਸ ਥਾਪਣ ਦੀ ਰਸਮ ਅਦਾ ਕੀਤੀ, ਜਿਸ ਦੀ ਗਵਾਹੀ ਵੀ ਭੱਟ ਵਹੀਆਂ ਵਿਚ ਹੇਠ ਲਿਖੇ ਅਨੁਸਾਰ ਮਿਲਦੀ ਹੈ: ("ਗੁਰੂ ਤੇਗ਼ ਬਹਾਦੁਰ ਜੀ ਮਹਲ ਨਾਮਾ(9) ਨੇ ਇਨੇ ਧੀਰਜ ਦਈ। ਸਾਵਨ ਪ੍ਰਬਿਸ਼ਦੇ ਕੇ ਦੇਹੁ ਗੁਰੂ ਗੋਬਿੰਦ ਦਾਸ ਜੀ ਕੋ ਗੁਰ ਗੱਦੀ ਕਾ ਟੀਕਾ ਦੇ ਕੇ ਦਿਲੀ ਕੀ ਤਰਫ ਜਾਨੇ ਕੀ ਤਿਆਰੀ ਕੀ। ਖਾਸ ਦੀਵਾਨ ਮਤੀ ਦਾਸ, ਸਤੀ ਦਾਸ ਰਸੋਈਆ, ਬੇਟਾ ਹੀਰਾ ਨੰਦ ਜੀ ਕੇ, ਦਿਆਲ ਦਾਸ ਬੇਟਾ ਮਾਈ ਦਾਸ ਕਾ ਜਲਹਾਨਾ ਬਲਉਤ ਆਇਆ।" ਉਪ੍ਰੋਕਤ ਜਾਣਕਾਰੀ ਅਨੁਸਾਰ, ਨਿਕਟਵਰਤੀ ਅਤੇ ਭਰੋਸੇ ਵਾਲੇ ਸਿੱਖ ਭਾਈ ਦਇਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਗੁਰੂ ਤੇਗ਼ ਬਹਾਦੁਰ ਜੀ ਦੇ ਕਾਫ਼ਲੇ ਵਿਚ ਸ਼ਾਮਿਲ ਸਨ।ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਭਾਈ ਗੁਰਦਿੱਤਾ ਜੀ ਅਤੇ ਭਾਈ ਜੈਤਾ ਜੀ ਨੂੰ ਦਿੱਲੀ ਲਈ ਪਹਿਲਾਂ ਰਵਾਨਾ ਕਰ ਦਿੱਤਾ ਗਿਆ ਸੀ।

ਰੋਪੜ ਦੇ ਹੁਕਮਰਾਨ ਨੂਰ ਮੁਹੰਮਦ ਖ਼ਾਨ ਨੇ ਗੁਰੂ ਤੇਗ਼

ਬਹਾਦੁਰ ਜੀ ਅਤੇ ਕਾਫ਼ਲੇ ਨੂੰ ਪਿੰਡ ਮਲਿਕਪੁਰ ਰੰਘੜਾਂ, ਪਰਗਨਾ ਘਨੌਲਾ( ਰੋਪੜ) ਵਿਖੇ, 12 ਜੁਲਾਈ ਸੰਨ 1675ਈ ( ਸੰਮਤ 1732 ਬਿ: )ਨੂੰ ਹਿਰਾਸਤ ਵਿਚ ਲੈ ਕੇ , ਗੁਰੂ ਤੇਗ ਬਹਾਦੁਰ ਜੀ ਨੂੰ ਸਰਹਿੰਦ ਭੇਜ ਦਿੱਤਾ, ਜਿੱਥੇ ਸੈਫੂਦੀਨ ਸਰਹਿੰਦੀ ਨੂੰ ਗੁਰੂ ਤੇਗ਼ ਬਹਾਦੁਰ ਜੀ ਨੂੰ ਇਸਲਾਮ ਕਬੂਲ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਕਾਫਲੇ ਦੇ ਰਹਿੰਦੇ ਸਾਥੀਆਂ, ਭਾਈ ਦਇਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨੂੰ ਬੱਸੀ ਪਠਾਣਾਂ ਵਿਖੇ ਭੇਜਿਆ ਗਿਆ। ਚਾਰ ਮਹੀਨਿਆਂ ਦੀ ਤਸੀਹਿਆਂ ਭਰੀ ਕਾਰਗੁਜ਼ਾਰੀ ਵਿਚ ਅਸਫਲਤਾ ਤੋਂ ਬਾਅਦ, ਸਾਰੇ ਗੁਰੂ ਕਾਫਲੇ ਨੂੰ, ਇਕ ਵਾਰ ਫਿਰ ਮੁਗ਼ਲ ਫ਼ੌਜ ਦੀ ਹਿਫ਼ਾਜ਼ਤ ਵਿਚ ਆਗਰਾ ਦੇ ਰਾਹੀਂ ਦਿੱਲੀ ਵਾਸਤੇ ਰਵਾਨਾ ਕੀਤਾ ਗਿਆ। ਸਾਰੇ ਕਾਫ਼ਲੇ ਨੂੰ ਆਗਰਾ ਵਿਚ ਸਿਕੰਦਰਾ ਖੇਤਰ ਦੇ ਪਿੰਡ ਕਕਰੇਟਾ ਵਿਖੇ ਨੌਂ ਦਿਨ ਰੱਖ ਕੇ ਦਿੱਲੀ ਭੇਜਿਆ ਗਿਆ। ਕਕਰੇਟਾ ਪਿੰਡ ਦੇ ਜਿਸ ਸਥਾਨ ਤੇ ਗੁਰੂ ਕਾਫਲੇ ਨੂੰ ਠਹਿਰਾਇਆ ਗਿਆ ਸੀ, ਉਸ ਸਥਾਨ ਤੇ ਅੱਜਕਲ੍ਹ ਇਕ ਸੁੰਦਰ ਗੁਰੂਦਵਾਰਾ ' ਗੁਰੂ ਕਾ ਤਾਲ' ਸੁਭਾਇਮਾਨ ਹੈ।

ਔਰੰਗਜ਼ੇਬ, ਹਸਨ ਅਬਦਾਲ ਵਿਖੇ ਪਠਾਣਾਂ ਦੀ ਬਗ਼ਾਵਤ ਨਾਲ ਨਿਜੱਠ ਰਿਹਾ ਸੀ। ਬਾਦਸ਼ਾਹ ਦੀ ਹਿਦਾਇਤ ਤੇ ਗੁਰੂ ਤੇਗ਼ ਬਹਾਦੁਰ ਸਾਹਿਬ ਅਤੇ ਕਾਫ਼ਲੇ ਨੂੰ ਦਿੱਲੀ ਦੀ ਕਚਿਹਰੀ ਵਿਚ ਬੰਦੀ ਬਣਾਇਆ ਗਿਆ। ਇੱਥੇ ਹਕੂਮਤ ਵੱਲੋਂ ਗੁਰੂ ਤੇਗ਼ ਬਹਾਦੁਰ ਜੀ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਿਹਾ ਗਿਆ। ਗੁਰੂ ਜੀ ਦੇ ਕਾਫ਼ਲੇ ਵਿਚ ਆਏ ਤਿੰਨ ਸਾਥੀਆਂ ਨੂੰ, ਗੁਰੂ ਤੇਗ਼ ਬਹਾਦੁਰ ਜੀ ਦਾ ਸਾਥ ਛੋੜ ਕੇ ਇਸਲਾਮ ਕਬੂਲ ਕਰਨ ਦੇ ਇਵਜ਼ ਦੁਨਿਆਵੀ ਸੁੱਖਾਂ ਦੇ ਲਾਲਚ ਅਤੇ ਇਸਲਾਮ ਨਾ ਕਬੂਲ ਕਰਨ ਦੀ ਸੂਰਤ ਵਿਚ ਭਿਆਨਕ ਮੌਤ ਦੇ ਡਰਾਵੇ ਦਿੱਤੇ ਗਏ। ਗੁਰੂ ਸਾਹਿਬ ਦਾ ਫ਼ਰਮਾਨ ਸੀ ਕਿ ਕਿਸੇ ਵੀ ਧਰਮ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਵਿਅਕਤੀ ਦਾ ਨਿੱਜੀ ਫ਼ੈਸਲਾ ਹੋਣਾ ਚਾਹੀਦਾ ਹੈ। ਅਸੀਂ ਕਿਸੇ ਵਿਅਕਤੀ ਉੱਪਰ ਧੱਕੇ ਜ਼ੋਰੀ ਇਸਲਾਮ ਹੀ ਕੀ ਕੋਈ ਹੋਰ ਮੱਤ ਵੀ ਥੋਪੇ ਜਾਣ ਦਾ ਵਿਰੋਧ ਕਰਦੇ ਹਾਂ। ਗੁਰੂ ਕਾਫ਼ਲੇ ਨੂੰ ਆਪਣੀਆਂ ਦਲੀਲਾਂ ਨਾਲ ਕਾਇਲ ਕਰਨ ਦੀ ਗੱਲ ਸਿਰੇ ਨਾ ਚੜਦੀ ਦੇਖ ਕੇ, ਗੁਰੂ ਸਾਹਿਬ ਦੇ ਸਾਥੀਆਂ ਨੂੰ ਭੈਭੀਤ ਕਰਨ ਦੇ ਇਰਾਦੇ ਨਾਲ, ਦਿੱਲੀ ਦੇ ਕਾਜ਼ੀ ਅਬਦੁਲ ਵਹਾਬ ਬੋਰਾ ਨੇ ਗੁਰੂ ਤੇਗ਼ ਬਹਾਦੁਰ ਸਾਹਿਬ ਨੂੰ ਕਚਿਹਰੀ ਦੇ ਕਮਰੇ ਵਿਚ ਬੰਦੀ ਰੱਖਣ ਦੀ ਥਾਂ, ਪਿੰਜਰੇ ਵਿੱਚ ਬੰਦੀ ਬਣਾਉਣ ਦਾ ਹੁਕਮ ਜਾਰੀ ਕਰ ਦਿੱਤਾ।

ਭਾਈ ਮਤੀ ਦਾਸ ਜੀ ਨੂੰ ਚਾਂਦਨੀ ਚੌਂਕ ਦੀ ਕੋਤਵਾਲੀ ਦੇ ਬੰਦੀਖਾਨੇ 'ਚੋਂ ਬਾਹਰ ਲਿਆਂਦਾ ਗਿਆ। ਹਕੂਮਤ ਸ਼ਾਹੀ ਅਤੇ ਕਾਜ਼ੀ ਨੇ ਗੁਰੂ ਤੇਗ਼ ਬਹਾਦੁਰ ਜੀ ਨੂੰ ਵੀ ਪਿੰਜਰੇ ਵਿਚ ਬੰਦੀ ਬਣਾ ਕੇ ਭਾਈ ਮਤੀ ਦਾਸ ਜੀ ਦੇ ਸਾਹਮਣੇ ਰੱਖਵਾ ਦਿੱਤਾ। ਭਾਈ ਮਤੀ ਦਾਸ ਜੀ ਨੂੰ ਸ਼ਾਹੀ ਸੌਗਾਤਾਂ ਹਾਸਲ ਕਰ ਕੇ ਸਜ਼ਾ ਤੋਂ ਨਿਜਾਤ ਪਾ ਸਕਣ ਦੀ, ਦਿੱਲੀ ਵਿਖੇ ਇਕ ਵਾਰ ਫਿਰ ਦੁਹਾਈ ਦਿੱਤੀ ਗਈ। ਭਾਈ ਮਤੀ ਦਾਸ ਜੀ ਨੇ ਕਾਜ਼ੀ ਨੂੰ ਅਨੇਕਾਂ ਵਾਰ ਪਹਿਲੇ ਵਾਂਗਰਾਂ ਹੀ, ਦਿੱਲੀ ਵਿਚ ਵੀ ਕਿਹਾ ਕਿ ਅਸੀਂ ਆਪਣੇ ਗੁਰੂ ਦੇ ਸਿੱਖ ਹਾਂ, ਸਾਨੂੰ ਆਪਣੇ ਗੁਰੂ ਅਤੇ ਗੁਰਬਾਣੀ ਤੇ ਪੂਰਨ ਵਿਸ਼ਵਾਸ ਹੈ। ਗੁਰਬਾਣੀ ਦੇ ਮਹਾਵਾਕ:

**"ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ" ॥੩੪॥**

ਅੰਗ ੩੪੨, ਰਾਗ ਗਉੜੀ ਭਗਤਾਂ ਕੀ ਸ੍ਰੀ ਗੁ ਗ੍ਰ ਸਾ ਦਾ ਹਵਾਲਾ ਦਿੰਦਿਆਂ ਕਿਹਾ, "ਐ ਕਾਜ਼ੀ, ਜਿਸ ਸਰੀਰ ਨੂੰ ਕਸ਼ਟ ਦੇਣ ਦੇ ਨਾਮ ਤੇ ਤੂੰ ਸਾਨੂੰ, ਡਰਾ ਰਿਹਾਂ ਏਂ, ਉਹ ਤਾਂ ਨਾਸ਼ਵਾਨ ਹੈ। ਅਸਲੀ ਸੂਰਮਾ ਉਹੀ ਹੈ ਜੋ, ਕਸ਼ਟਾ ਦੇ ਡਰ ਤੋਂ , ਆਪਣੀ ਲੜਾਈ ਵਿਚ ਭਾਂਜ ਨਾ ਖਾਏ।" ਭਾਈ ਮਤੀ ਦਾਸ ਜੀ ਤੇ ਕੋਈ ਅਸਰ ਨਾ ਹੁੰਦਿਆ ਵੇਖ, ਕਾਜ਼ੀ ਨੇ ਭਾਈ ਮਤੀ ਦਾਸ ਜੀ ਨੂੰ ਦੋ ਸ਼ਤੀਰੀਆਂ ਵਿਚ ਖੜੇ ਕਰ ਕੇ, ਗੁਰੂ ਸਾਹਿਬ ਦੇ ਸਨਮੁੱਖ, ਆਰੇ ਨਾਲ ਚੀਰ ਕੇ ਦੋ ਫਾੜ ਕਰਨ ਦਾ ਫ਼ਤਵਾ ਸੁਣਾ ਦਿੱਤਾ।

ਸਜ਼ਾ ਦੇ ਦਿਨ ( ਇਸ ਬਾਰੇ ਇਤਿਹਾਸ ਵਿਚ ਵੱਖ ਵੱਖ ਰਾਵਾਂ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਸਾਰੀਆਂ ਸ਼ਹਾਦਤਾਂ ਇੱਕੋ ਦਿਨ ਹੋਈਆਂ) ਮੁਕੱਰਰ ਕਰਕੇ, ਦਿੱਲੀ ਨਗਰ ਵਿਚ ਭਾਈ ਮਤੀ ਦਾਸ ਜੀ ਨੂੰ ਮਿਲਣ ਵਾਲੀ ਸਜ਼ਾ ਬਾਰੇ ਢੰਡੋਰਾ ਦਿੱਤਾ ਗਿਆ। ਸ਼ਹਾਦਤ ਵਾਲੇ ਦਿਨ, ਇਸ ਹੋਣ ਵਾਲੇ ਕੌਤਕ ਨੂੰ ਦੇਖਣ ਲਈ, ਇਲਾਕੇ ਦੇ ਲੋਕਾਂ ਦੀ ਭਾਰੀ ਭੀੜ ਜੁੜੀ ਹੋਈ ਸੀ। ਦੋ ਜੱਲਾਦ ਭਾਈ ਮਤੀ ਦਾਸ ਜੀ ਨੂੰ ਦੋ ਸ਼ਤੀਰੀਆਂ ਵਿਚ ਬਨ੍ਹ, ਆਪਣਿਆਂ ਹੱਥਾਂ ਵਿਚ ਆਰਾ ਪਕੜੀ ਹੁਕਮ ਦੀ ਇੰਤਜ਼ਾਰ ਵਿਚ ਖੜੇ ਸਨ। ਭਾਈ ਮਤੀ ਦਾਸ ਜੀ ਸ਼ਾਂਤ ਚਿੱਤ ਅਡੋਲ ਖਲੋਤੇ ਰਹੇ। ਕਾਜ਼ੀ ਅਬਦੁਲ ਵਹਾਬ ਬੋਰਾ ਨੇ ਭਾਈ ਮਤੀ ਦਾਸ ਜੀ ਨੂੰ ਵਿਅੰਗ ਪੂਰਵਕ ਲਹਿਜੇ ਵਿਚ ਕਿਹਾ "ਸੁਣਿਐ ਤੂੰ ਦਿੱਲੀ ਦੀ ਇੱਟ ਨਾਲ ਇੱਟ ਖੜਕਾ ਸਕਨੈਂ? ਭਲਾ ਸਾਨੂੰ ਵੀ ਕੋਈ ਅਜਿਹਾ ਕਾਰਨਾਮਾ ਕਰ ਕੇ ਦਿਖਾ ਤਾਂ?" ਭਾਈ ਮਤੀ ਦਾਸ ਜੀ ਨੇ ਨਿਧੜਕ ਹੋ ਕੇ ਜਵਾਬ ਦਿੱਤਾ "ਮੈਨੂੰ ਆਪਣੇ ਗੁਰੂਦੇਵ ਦੀ ਆਗਿਆ ਨਹੀਂ, ਵਰਨਾ ਮੈਂ ਤੇਰੀ ਇਹ ਖ਼ਾਹਿਸ਼ ਤਾਂ ਜ਼ਰੂਰ ਪੂਰੀ ਕਰ ਦਿਖਾਂਦਾ।"

ਸਰਕਾਰ ਵੱਲੋਂ ਆਖਰੀ ਵਾਰ ਗੁਰੂ ਤੇਗ਼ ਬਹਾਦੁਰ ਜੀ ਦਾ ਸਾਥ ਛੱਡਣ ਅਤੇ ਸੁੱਖ-ਚੈਨ ਦੀ ਜ਼ਿੰਦਗੀ ਜੀਉਣ ਦੀ ਪੇਸ਼ਕਸ਼, ਭਾਈ ਮਤੀ ਦਾਸ ਜੀ ਨੂੰ ਕੀਤੀ ਗਈ। ਭਾਈ ਮਤੀ ਦਾਸ ਜੀ ਨੇ ਇੱਕ ਵਾਰ ਫਿਰ ਕਾਜ਼ੀ ਅਬਦੁਲ ਵਹਾਬ ਬੋਰਾ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ "ਜਿਸ ਤਰ੍ਹਾਂ ਤੂੰ ਧਾਰਮਿਕ ਬੰਦਾ

ਹੁੰਦਾ ਹੋਇਆਂ ਵੀ ਆਪਣੇ ਸ਼ਾਹ ਦੇ ਨਾਜਾਇਜ਼ ਹੁਕਮ ਦੀ ਪਾਲਣਾ ਕਰਨ ਨੂੰ ਮਜਬੂਰ ਏਂ, ਮੈਂ ਵੀ ਆਪਣੇ ਸ਼ਾਹ ''ਅਕਾਲਪੁਰੱਖ'' ਦੀ ਰਜ਼ਾ ਨੂੰ ਮਨ ਕੇ ਆਪਣਾ ਇਹ ਜਨਮ ਤੇ ਆਪਣੀ ਅਗਲੀ ਦੁਨੀਆਂ ਸਵਾਰਨ ਦਾ ਚਾਹਵਾਨ ਹਾਂ।''

ਗੁਰਬਾਣੀ ਦਾ ਮਹਾਵਾਕ :

**''ਸਤਿਗੁਰ ਮਿਲੈ ਤਾ ਤਤੁ ਪਾਏ॥**
**ਹਰਿ ਕਾ ਨਾਮ ਮਨਿ ਵਸਾਇ॥**
**ਸਬਦਿ ਮਰੈ ਮਨ ਮਾਰੈ ਅਪੁਨਾ**
**ਮੁਕਤੀ ਕਾ ਦਰੁ ਪਾਵਣਿਆ॥''**

ਮਾਝ ਮਹਲਾ ੩, ਅੰਗ ੧੧੯ਸ੍ਰੀ ਗੁ ਗ੍ਰ ਸਾ

ਉਚਾਰਨ ਕਰਦਿਆਂ ਕਿਹਾ ਕਿ ਐ ਕਾਜ਼ੀ ਤੂੰ ਜੋ ਖੁਦ ਨੂੰ ਧਰਮ ਦਾ ਗਿਆਤਾ ਆਖਦਾ ਏਂ। ਮੈਂ ਨਹੀਂ ਸਮਝਦਾ ਕਿ ਤੈਨੂੰ ਧਰਮ ਦਾ ਥੋੜਾ ਕੁ ਗਿਆਨ ਵੀ ਹੋਏ। ਤੂੰ ਜਾਣਦਾ ਹੀ ਨਹੀਂ ਕਿ ਤੂੰ ਆਪਣੀ ਕਰਨੀ ਨਾਲ, ਖੁਦ ਨੂੰ ਦੋਜ਼ਖ਼ ਦਾ ਭਾਗੀ ਅਤੇ ਮੈਨੂੰ ਇਸ ਜਗ ਦੇ ਮਰਨ ਜੀਵਨ ਦੇ ਗੇੜ ਚੋਂ ਕਢਣ ਦਾ ਪ੍ਰਬੰਧ ਕਰ ਰਿਹੈ ਹੈਂ। ਇਸ ਲਈ ਮੇਰੀ ਤੈਨੂੰ ਸਲਾਹ ਹੈ ਕਿ ਆਪਣੀ ਕਰਨੀ ਵਿਚ ਦੇਰ ਲਗਾ ਕੇ, ਤੂੰ ਮੇਰੀ ਮੁਕਤੀ ਦੇ ਰਾਹ ਦੀ ਰੁਕਾਵਟ ਨਾ ਬਣ। ਬੇਸ਼ਕ! ਤੂੰ ਇਹ ਭਲੀ ਭਾਂਤ ਜਾਣ ਲੈ ਕਿ ਤੇਰਾ ਕੋਈ ਲਾਲਚ ਮੈਨੂੰ ਆਪਣੇ ਮਕਸਦ ਵਿਚ ਭਟਕਾ ਨਹੀਂ ਸਕੇਗਾ।

ਭਾਈ ਮਤੀ ਦਾਸ ਜੀ ਵੱਲੋਂ ਕਾਜ਼ੀ ਦੀ ਆਖਰੀ ਪੇਸ਼ਕਸ਼ ਵੀ ਠੁਕਰਾਏ ਜਾਣ ਮਗਰੋਂ ਕਾਜ਼ੀ ਨੇ ਭਾਈ ਮਤੀ ਦਾਸ ਜੀ ਦੀ ਅੰਤਿਮ ਇੱਛਾ ਜਾਣਨੀ ਚਾਹੀ। ਆਪਣੀ ਆਖਰੀ ਇੱਛਾ ਵਿਚ ਭਾਈ ਮਤੀ ਦਾਸ ਜੀ ਨੇ ਆਪਣਾ ਮੂੰਹ ਆਪਣੇ ਗੁਰੂ ਸਾਹਿਬ ਦੇ ਸਨਮੁੱਖ ਕਰ ਕੇ ਸਿਰ ਤੇ ਆਰਾ ਚਲਾਉਣ ਲਈ ਕਿਹਾ। ਜੱਲਾਦਾਂ ਨੂੰ ਹੁਕਮ ਹੋਇਆ ਕਿ ਭਾਈ ਮਤੀ ਦਾਸ ਜੀ ਦਾ ਮੂੰਹ ਗੁਰੂ ਤੇਗ਼ ਬਹਾਦੁਰ ਜੀ ਦੇ ਪਿੰਜਰੇ ਵੱਲ ਕਰ ਕੇ ਭਾਈ ਮਤੀ ਦਾਸ ਜੀ ਦੇ ਸਿਰ ਤੇ ਆਰਾ ਚਲਾਉਣ। ਅਦੁੱਤੀ ਸ਼ਹਾਦਤ ਦੇਖਣ ਆਏ ਲੋਕਾਂ ਨੇ ਆਪਣੇ ਮੂਹਾਂ ਵਿਚ ਉਂਗਲੀਆਂ ਪਾ ਲਈਆਂ ਜਦੋਂ ਉਨ੍ਹਾਂ ਦੇਖਿਆ ਕਿ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਣ ਕਾਰਨ ਹੋਣ ਵਾਲੀ ਮੌਤ ਦੇ ਭੇਅ ਨਾਲ ਭੋਰਾ ਵੀ ਘਬਰਾਹਟ ਨਹੀਂ ਹੋ ਰਹੀ ਸਗੋਂ, ਭਾਈ ਮਤੀ ਦਾਸ ਜੀ ਨੇ ਸ਼ਾਤ ਚਿੱਤ ਪਾਵਨ ਜਪੁਜੀ ਬਾਣੀ ਦਾ ਉਚਾਰਨ ਕਰਨਾ ਆਰੰਭ ਕਰ ਦਿੱਤਾ।

ਕਿਹਾ ਜਾਂਦਾ ਹੈ ਕਿ ਜੱਲਾਦਾਂ ਅਤੇ ਹੋਰ ਦੇਖਣ ਵਾਲਿਆਂ ਨੇ ਹੈਰਾਨੀ ਨਾਲ ਤਕਿਆ ਕਿ ਜਿਉਂ ਜਿਉਂ ਜੱਲਾਦਾਂ ਦਾ ਆਰਾ ਭਾਈ ਮਤੀ ਦਾਸ ਜੀ ਦੇ ਸਰੀਰ ਦੇ ਦੋ ਫਾੜ ਕਰ ਰਿਹਾ ਸੀ, ਖ਼ੂਨ ਦੀਆਂ ਧਾਰਾਂ ਜੱਲਾਦਾਂ ਅਤੇ ਦਰਸ਼ਕਾਂ ਤੇ ਗਿਰਨ ਲਗੀਆਂ। ਭਾਈ ਸਾਹਿਬ ਦਿਆਂ ਪੈਰਾਂ ਹੇਠਲੀ ਜ਼ਮੀਨ ਲਾਲ ਸੂਹੀ ਹੁੰਦੀ ਗਈ। ਭਾਈ ਮਤੀ ਦਾਸ ਜੀ ਨੇ ਭਾਵੇਂ ਕਾਜ਼ੀ ਨੂੰ ਕੋਈ ਕਰਾਮਾਤ ਦਿਖਾਂਉਣ ਤੋਂ ਇਨਕਾਰ ਕਰ ਦਿੱਤਾ ਸੀ , ਫਿਰ ਵੀ ਕਾਜ਼ੀ ਅਤੇ ਦਰਸ਼ਕਾਂ ਨੇ ਇਕ ਅਚੰਭਾ ਤਾਂ ਦੇਖਿਆ ਕਿ ਜੱਲਾਦਾਂ ਦੁਆਰਾ ਭਾਈ ਮਤੀ ਦਾਸ ਜੀ ਦੇ ਸਰੀਰ ਦੇ ਕੀਤੇ ਜਾ ਰਹੇ ਦੋਹਾਂ ਫਾੜਾਂ ਵਿੱਚੋਂ ਪਾਵਨ ਜਪੁਜੀ ਸਾਹਿਬ ਬਾਣੀ ਦਾ ਉਚਾਰਨ ਸੁਣਾਈ ਦੇਣ ਲਗਿਆ। ਜਿਵੇਂ ਹੀ ਭਾਈ ਮਤੀ ਦਾਸ ਜੀ ਦੇ ਸਰੀਰ 'ਚੋਂ,

**''ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥''**

ਅੰਗ ੮ ਸ੍ਰੀ ਗੁ ਗ੍ਰ ਸਾ।

ਉਚਾਰਨ ਰੁਕਿਆ, ਭਾਈ ਮਤੀ ਦਾਸ ਜੀ ਦੇ ਸਰੀਰ ਦੇ ਦੋਵੇਂ ਫਾੜ ਜ਼ਮੀਨ ਤੇ ਢਹਿ ਪਏ।।

ਤਿੰਨੋਂ ਅਜ਼ੀਮ ਸ਼ਹੀਦਾਂ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਇਆਲਾ ਜੀ ਨੂੰ ਬੱਸੀ ਪਠਾਣਾਂ ਵਿਖੇ, ਇਸਲਾਮ ਮੱਤ ਕਬੂਲ ਕਰਨ ਲਈ ਚਾਰ ਮਹੀਨੇ ਲਾਲਚ ਅਤੇ ਤਸੀਹੇ ਦਿੱਤੇ ਗਏ। ਆਗਰਾ ਵਿਖੇ ਵੀ ਨੌਂ ਦਿਨਾਂ ਦੇ ਤਸੀਹੇ ਦੇਣ ਮਗਰੋਂ ਦਿੱਲੀ ਵਿਚ ਹਰ ਰੋਜ਼ ਪੁੱਛ-ਗਿਛ ਕਰਨ ਸਮੇਂ ਅਤੇ ਬੰਦੀ ਘਰ ਵਿੱਚ ਤਸੀਹੇ ਦਿੱਤੇ ਜਾਂਦੇ ਰਹੇ। ਇਹ ਤਾਂ ਹੋ ਨਹੀਂ ਸਕਦਾ ਕਿ ਸਰਕਾਰੀ ਅਹਿਲਕਾਰਾਂ ਵੱਲੋਂ ਕੀਤੀ ਗਈ ਇਸ ਤਸੀਹਿਆਂ ਭਰੀ ਦਮਨਕਾਰੀ ਕਾਰਗੁਜ਼ਾਰੀ ਕਰਨ ਸਮੇਂ ਕੋਈ ਗੱਲ -ਬਾਤ ਅਤੇ ਗੁਰੂ ਕੇ ਸਿੱਖਾਂ ਵਲੋਂ ਮਨੁਕਰ ਹੋਣ ਦੀ ਜਵਾਬਦੇਹੀ ਨਾ ਹੋਈ ਹੋਵੇ? ਇਸ ਤੱਥ ਵਿਚ ਵੀ ਕੋਈ ਸ਼ਕ-ਸ਼ੁਬਾ ਨਹੀਂ ਕੀਤਾ ਜਾ ਸਕਦਾ ਕਿ ਮੁਸਲਮਾਨ ਅਤੇ ਦੂਜੇ ਇਤਿਹਾਸਕਾਰਾਂ ਨੇ ਹਕੂਮਤ ਤੋਂ ਡਰਦਿਆਂ, ਸਰਕਾਰੀ ਅਹਿਲਕਾਰਾਂ ਦੀ ਕਾਰਗੁਜ਼ਾਰੀ ਅਤੇ ਕੀਤੇ ਗਏ ਜ਼ੁਲਮਾਂ ਨੂੰ ਛੁਪਾਇਆ। ਦੁੱਖ ਦੀ ਗੱਲ ਤਾਂ ਹੈ ਕਿ ਅਦੁੱਤੀ ਸ਼ਹਾਦਤਾਂ ਦੇਣ ਵਾਲਿਆਂ ਦੇ ਡੁਲ੍ਹੇ ਖ਼ੁਨ ਲਈ, ਭਾਰਤੀ ਇਤਿਹਾਸਕਾਰਾਂ ਦੁਆਰਾ ਲਿਖਤ ਇਤਿਹਾਸ ਵਿਚ ਕੇਵਲ ਨਾਮ ਮਾਤਰ ਜ਼ਿਕਰ ਹੀ, ਇਸ ਸੱਚਾਈ ਦਾ ਸਬੂਤ ਹੈ ਕਿ ਆਜ਼ਾਦੀ ਤੋਂ ਬਾਅਦ ਦੇ ਭਾਰਤੀ ਇਤਿਹਾਸਕਾਰਾਂ ਨੇ ਵੀ ਸਿੱਖ ਇਤਿਹਾਸ ਨਾਲ ਨਿਆਂ ਨਹੀਂ ਕੀਤਾ। ਹਾਲਾਂਕਿ ਗੁਰੂ ਤੇਗ਼ ਬਹਾਦੁਰ ਜੀ ਅਤੇ ਤਿੰਨ ਅਨੰਨ ਸਿੱਖਾਂ ਦੁਆਰਾ ਇਹ ਸ਼ਹਾਦਤਾਂ, ਜ਼ੁਲਮ ਅਤੇ ਬਦੀ ਦੇ ਖ਼ਿਲਾਫ਼ ਸੰਘਰਸ਼ ਅਤੇ ਹਿੰਦੂ ਧਰਮ ਦੇ ਤਿਲਕ ਅਤੇ ਜਨੇਊ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਸਨ। ਜ਼ਾਹਿਰਾ ਤੌਰ ਤੇ ਆਮ ਲੋਕਾਂ ਵਿੱਚ ਸਿੱਖ ਇਤਿਹਾਸ ਬਾਰੇ ਅਗਿਆਨਤਾ ਦੇ ਅਨੇਕਾਂ ਕਾਰਨਾਂ ਚੋਂ ਇਹ ਵੀ ਇਕ ਕਾਰਨ ਹੈ ਭਾਰਤ ਦੀ ਆਜ਼ਾਦੀ ਤੋਂ ਬਾਅਦ, ਸਿੱਖ ਇਤਿਹਾਸ ਨੂੰ ਲਿਖਣ ਸਮੇਂ ਵੀ ਸਿੱਖਾਂ ਦੇ ਗੌਰਵਮਈ ਪਿਛੋਕੜ ਨੂੰ ਨਜ਼ਰ-ਅੰਦਾਜ਼ ਹੀ ਕੀਤਾ ਗਿਆ ਹੈ। ਸਦੀਆਂ

ਬਦਲਣ ਦੇ ਨਾਲ ਸੋਚ ਵਿਚ ਫ਼ਰਕ ਨਹੀਂ ਆਇਆ। ਸਿੱਖ ਕੌਮ ਅਤੇ ਸਿੱਖ ਅਸੂਲਾਂ ਵਿਚ ਵਿਸ਼ਵਾਸ ਰੱਖਣ ਵਾਲੇ, ਅਪ੍ਰੈਲ 2021ਈ ਵਿੱਚ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਹਨ। ਅਜਿਹੇ ਮੌਕੇ ਤੇ ਗੁਰੂ ਤੇਗ਼ ਬਹਾਦੁਰ ਸਾਹਿਬ ਦੇ ਨਾਲ ਸ਼ਹੀਦੀਆਂ ਪਾਉਣ ਵਾਲੇ ਤਿੰਨ ਅਨੰਨ ਸਿੱਖਾਂ ਦੀਆਂ ਜੀਵਨੀਆਂ ਅਤੇ ਕੁਬਾਨੀਆਂ ਨੂੰ ਵੀ ਯਾਦ ਕਰਨਾ, ਗੁਰੂ ਤੇਗ ਬਹਾਦੁਰ ਸਾਹਿਬ ਨੂੰ ਸਭ ਤੋਂ ਭਾਵਪੂਰਨ ਸ਼ਰਧਾਂਜਲੀ ਹੋਏਗੀ।

# ਅਜ਼ੀਮ ਸ਼ਹੀਦ ਭਾਈ ਸਤੀ ਦਾਸ ਜੀ



ਸੰਸਾਰ ਦੀ ਉਤਪਤੀ ਤੋਂ ਸਮੇਂ ਸਮੇਂ, ਹਿੰਦੁਸਤਾਨ ਸਮੇਤ ਹੋਰ ਕਈ ਦੇਸ਼ਾਂ ਵਿੱਚ ਅਨੇਕਾਂ ਧਰਮਾਂ ਦੀ ਸਿਰਜਣਾ ਹੋਈ। ਉਹ ਸਾਰੇ ਧਰਮ ਜੋ ਆਪਣੀ ਉਤਪਤੀ ਤੋਂ ਬਾਅਦ, ਆਪਣੇ ਸ਼ਰਧਾਲੂਆਂ ਨੂੰ ਮਰਿਯਾਦਾ, ਸੱਤ, ਸੰਤੋਖ 'ਤੇ ਜੀਵਨ ਜਾਚ ਨਾ ਦੇ ਸਕੇ, ਉਨ੍ਹਾਂ ਧਰਮਾਂ ਦੇ ਵੱਧਣ ਫੁਲਣ ਵਿਚ ਬਾਧਾ ਆਈ। ਹਿੰਦੁਸਤਾਨ ਵਿੱਚ, ਹੌਲੀ ਹੌਲੀ ਜੈਨ ਧਰਮ ਅਤੇ ਬੁੱਧ ਧਰਮ ਹਿੰਦੂ ਧਰਮ ਵਿੱਚ ਲੀਨ ਹੁੰਦੇ ਗਏ ਅਤੇ ਬਾਦਸ਼ਾਹ ਅਕਬਰ ਦੁਆਰਾ ਚਲਾਇਆ ਦੀਨ-ਏ-ਇਲਾਹੀ ਧਰਮ ਅਲੋਪ ਹੋ ਗਿਆ। ਕੇਵਲ ਉਹ ਧਰਮ ਹੀ ਫਲ-ਫੁੱਲ ਕੇ ਸਥਾਈ ਹੋ ਸਕੇ, ਸਿਰਜਨਾ ਵੇਲੇ ਜਿਨ੍ਹਾਂ ਦੀਆਂ ਨੀਹਾਂ ਸੱਚ, ਮਰਿਆਦਾ, ਪਿਆਰ, ਸਤਿਕਾਰ, ਨਿਡਰਤਾ, ਭਾਣਾ ਮੰਨਣ ਅਤੇ ਨਿਆਂ ਵਰਗੇ ਅਸੂਲਾਂ ਤੇ ਉਸਾਰੀਆਂ ਗਈਆਂ ਸਨ।

ਸੰਨ 1469ਈ ਵਿਚ ਹਿੰਦੁਸਤਾਨ ਦੇ ਪੰਜਾਬ ਪ੍ਰਾਂਤ ਦੇ ਰਾਏ ਭੋਇਂ ਦੀ ਤਲਵੰਡੀ (ਨਨਕਿਆਣਾ ਸਾਹਿਬ) ਪਿੰਡ ਦੀ ਧਰਤੀ 'ਤੇ, ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਨਾਲ, ਸਿੱਖ ਧਰਮ ਦੀ ਸਥਾਪਨਾ ਹੋਈ। ਸਿੱਖ ਮੱਤ ਦੀ ਸਥਾਪਨਾ ਤੋਂ ਪਹਿਲਾਂ ਹਿੰਦੁਸਤਾਨ ਵਿਚ ਇਸਲਾਮ ਅਤੇ ਹਿੰਦੂ ਦੋ ਸਥਾਈ ਮਤ ਸਨ। ਇਨ੍ਹਾਂ ਧਰਮਾਂ ਦੇ ਜੁਦਾ ਜੁਦਾ ਧਾਰਮਿਕ ਕੇਂਦਰ ਸਥਾਪਿਤ ਹੋ ਚੁੱਕੇ ਸਨ। ਮਸੀਤਾਂ ਇਸਲਾਮ ਮਤ ਦੇ ਹਾਮੀਆਂ ਲਈ ਰਾਖਵੀਆਂ ਅਤੇ ਮੰਦਰ ਹਿੰਦੂਆਂ ਲਈ ਰਾਖਵੇਂ ਹੋ ਚੁੱਕੇ ਸਨ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਸਮੇਂ, ਹਿੰਦੁਸਤਾਨ ਵਿਚ, ਵੰਡੀਆਂ ਵਿਚ ਵਿਚਰਦੀ ਮਨੁੱਖੀ ਜ਼ਿੰਦਗੀ ਸਮਾਜਿਕ ਅਤੇ ਧਾਰਮਿਕ ਤੌਰ ਤੇ ਝੂਠ, ਧੋਖੇਬਾਜ਼ੀ, ਲਾਲਚ, ਅਪਰਾਧ ਅਤੇ ਦੂਈ-ਦਵੈਤ ਵਿਚ ਪੂਰੀ ਤਰ੍ਹਾਂ ਗਲਤਾਨ ਹੋ ਚੁੱਕੀ ਸੀ। ਅਖੌਤੀ ਉੱਚ ਵਰਗ ਦੁਆਰਾ ਤ੍ਰਿਸਕਾਰੇ ਲੋਕ ਬੇਗਾਨਗੀ ਦੇ ਅਹਿਸਾਸ ਹੇਠਾਂ ਦਬਦੇ ਜਾ ਰਹੇ ਸਨ। ਗ਼ੈਰ ਧਰਮ ਤਾਂ ਕੀ, ਛੋਟੀ ਜਾਤਾਂ ਦੇ ਹਿੰਦੂਆਂ ਨੂੰ ਵੀ ਮੰਦਰਾ(ਧਰਮ ਸਥਾਨਾਂ) ਦੇ ਅੰਦਰ ਦਾਖ਼ਿਲ ਹੋਣ ਦੀ ਮਨਾਹੀ ਸੀ। ਭਗਤ ਨਾਮ ਦੇਵ ਜੀ ਨੇ ਆਪਣੀ ਰਚੀ ਬਾਣੀ ਵਿਚ ਇਸ ਤੱਥ ਦੀ ਗਵਾਹੀ ਭਰੀ ਹੈ।

**"ਹਸਤ ਖੇਲਤ ਤੇਰੇ ਦੇਹੁਰੇ ਆਇਆ॥**
**ਭਗਤਿ ਕਰਤ ਨਾਮਾ ਪਕਰਿ ਉਠਾਇਆ॥**
**ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥**
**ਛੀਪੇ ਕੇ ਜਨਮਿ ਕਾਹੇ ਕਉ ਆਇਆ॥ ਰਹਾਉ॥**
**ਲੈ ਕਮਲੀ ਚਲਿਓ ਪਲਟਾਇ॥ ਦੇਹੁਰੇ ਪਾਛੈ ਬੈਠਾ ਜਾਇ॥**
**ਜਿਉ ਜਿਉ ਨਾਮਾ ਹਰਿ ਗੁਣ ਉਚਰੈ॥**
**ਭਗਤ ਜਨਾ ਕਉ ਦੇਹੁਰਾ ਫਿਰੈ॥**
**ਭੈਰਉ ਨਾਮਦੇਉ ਅੰਗ ੧੧੬੪ ਸ੍ਰੀ ਗੁ ਗ੍ਰ ਸਾ**

ਮਨੁੱਖਤਾ ਦੀ ਅਗਵਾਈ ਕਰਨ ਵਾਲੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ, ਭਾਰਤੀ ਲੋਕਾਂ ਨੂੰ ਹੀ ਨਹੀਂ ਸੰਸਾਰ ਦੀ ਸਰਬ ਖ਼ਲਕਤ ਨੂੰ ਸਮਾਜਵਾਦੀ ਲੋਕਤੰਤਰ ਦੀ ਬੁਨਿਆਦ 'ਤੇ ਜ਼ਾਤ-ਪਾਤ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ। ਊਚ-ਨੀਚ ਦੇ ਸਾਰੇ ਬਖੇੜਿਆਂ ਨੂੰ ਮੁਕਾ ਕੇ ਸਭਨਾ ਨੂੰ ਹੀ ਗਲੇ ਲਗਾਇਆ। ਸਿੱਖ ਧਰਮ ਅਕਾਲਪੁਰੱਖ (ਪ੍ਰਭੂ/ਪ੍ਰਮਾਅਤਮਾ/ਰੱਬ) ਦੇ ਆਦੇਸ਼ ਅਨੁਸਾਰ ਪ੍ਰੁੰਗਟ ਹੋਇਆ ਨਵਾਂ ਨਕੋਰ ਧਰਮ ਹੈ, ਜਿਸ ਦੇ ਬੁਨਿਆਦੀ ਸਰੋਕਾਰ ਸਮਾਜਵਾਦੀ ਲੋਕਤੰਤਰ ਦੀ ਉਸਾਰੀ ਨਾਲ ਜੁੜੇ ਹੋਏ ਹਨ। ਗੁਰੂ ਨਾਨਕ ਸਾਹਿਬ ਨੇ ਪੁਜਾਰੀਆਂ ਪੀਰਾਂ ਦੀ ਸ਼ਰਣ ਵਿਚ ਨਿਜਾਤ ਭਾਲਣ ਵਾਲਿਆਂ ਨੂੰ 'ਰੱਬ'/ਅਕਾਲਪੁਰੱਖ/ਪ੍ਰਮਾਤਮਾ ਨੂੰ

ਆਪਣੇ ਅੰਦਰੋਂ ਭਾਲਣ ਦੀ ਜੁਗਤ ਸਿਖਾਈ। ਗ੍ਰਹਿਸਤ ਜੀਵਨ ਨੂੰ ਪਰਧਾਨ ਮੰਨਣ ਵਾਲਾ ਸਿੱਖ ਧਰਮ ਦੱਸਾਂ ਨਹੁੰਆਂ ਦੀ ਸੱਚੀ ਕਮਾਈ ਨੂੰ ਲੋੜਵੰਦਾਂ ਨਾਲ ਵੰਡ ਕੇ ਖਾਣ, ਨਾਮ ਸਿਮਰਨ(ਜਪੱਣ) ਅਤੇ ਭਾਣਾ ਮੰਨਦਿਆਂ, ਖ਼ੁਸ਼ੀ-ਗ਼ਮੀ ਨੂੰ ਇੱਕ ਸਮਾਨ ਜਾਣਨ ਵਿਚ ਵਿਸ਼ਵਾਸ ਰਖਦਾ ਹੈ। ਗੁਰੂ ਨਾਨਕ ਸਾਹਿਬ ਦੀਆਂ ਰੁਪਾਂਤ੍ਰਿਤ ਜੋਤਾਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰ ਦਾਸ ਜੀ, ਸ੍ਰੀ ਗੁਰੂ ਰਾਮ ਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚੀ ਬਾਣੀ ਵਿਚ ਇਨਸਾਨ ਨੂੰ ਅਕਾਲਪੁਰੱਖ ਦੀ ਮਰਜ਼ੀ/ਰਜ਼ਾ ਅੱਗੇ ਸਿਰ ਨਿਵਾਉਣਾ ਹੀ ਦ੍ਰਿੜ ਕਰਵਾਇਆ।

ਹਿੰਦੁਸਤਾਨ ਵਿਚ ਮੁਗ਼ਲ ਕਾਲ ਦੇ ਹਾਕਮਾਂ ਜਹਾਂਗੀਰ ਅਤੇ ਔਰੰਗਜ਼ੇਬ ਵੱਲੋਂ ਹਿੰਦੁਸਤਾਨ ਵਿਚ ਧਰਮ ਦੇ ਨਾਮ ਤੇ ਗ਼ੈਰ ਮੁਸਲਮਾਨ ਲੋਕਾਂ 'ਤੇ ਕੀਤਾ ਜਾਣ ਵਾਲਾ ਦਮਨ, ਅਕਾਲਪੁਰੱਖ ਦੇ ਰਚੇ ਬ੍ਰਹਮੰਡੀ ਜੀਵਨ ਨਾਲ ਨਾਇਨਸਾਫੀ ਸੀ। ਸੰਸਾਰ ਵਿੱਚ ਜਦੋਂ ਵੀ ਕਿਤੇ ਜ਼ੁਲਮ ਜਾਂ ਅਨਿਆਂ ਪੰਨਪਿਆ, ਲੋਕਾਂ ਦੀਆਂ ਸਿਸਕੀਆਂ ਅਤੇ ਪੁਕਾਰਾਂ ਸੁਣ, ਮਜ਼ਲੂਮਾਂ ਦੇ ਦੁੱਖਾਂ ਦਾ ਨਿਵਾਰਣ ਕਰਨ ਲਈ ਯੁਗਾਂ ਤੋਂ ਹੀ ਕਿਸੇ ਅਵਤਾਰ, ਵਲੀ, ਪੈਗੰਬਰ ਜਾ ਮਸੀਹੇ ਦਾ ਜਨਮ ਹੁੰਦਾ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਨੌਵੀਂ ਜੋਤ, ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਜਨਮ ਸਮੇਂ ਹਿੰਦੁਸਤਾਨ ਤੇ ਰਾਜ ਕਰਨ ਵਾਲੇ ਮੁਗ਼ਲ ਬਾਦਸ਼ਾਹਾਂ ਦਾ ਜ਼ੁਲਮ ਚਰਮ ਸੀਮਾ ਤਕ ਪੁੱਜ ਗਿਆ ਸੀ। ਵਕਤ ਦਾ ਹਾਕਮ ਔਰੰਗਜ਼ੇਬ( ਪੂਰਾ ਨਾਮ ਅਬੂਫ਼ਜ਼ਰ ਮਹੁੱਈਉਦੀਨ ਮੁਹੰਮਦ ਔਰੰਗਜ਼ੇਬ) ਕੱਟੜ ਸੁੰਨੀ ਮੁਸਲਮਾਨ ਸੀ। ਹਿੰਦੁਸਤਾਨ ਦੀ ਬਾਦਸ਼ਾਹਤ ਹਾਸਲ ਕਰਨ ਲਈ, ਉਸ ਨਿਰਦਈ ਨੇ ਆਪਣੇ ਬਿਮਾਰ ਪਿਤਾ ਬਾਦਸ਼ਾਹ ਸ਼ਾਹਜਹਾਂ ਨੂੰ ਆਗਰਾ ਦੇ ਕਿਲ੍ਹੇ ਵਿਚ ਕੈਦ ਕਰ ਕੇ ਉਸ ਨਾਲ ਦੁਰ-ਵਿਵਹਾਰ ਕਰਨ ਤੋਂ ਵੀ ਸੰਕੋਚ ਨਾ ਕੀਤਾ।( ਕਿਹਾ ਜਾਂਦਾ ਹੈ ਕਿ ਪੁੱਤਰ ਦੀ ਕੈਦ ਵਿਚ ਬਿਮਾਰ ਸ਼ਾਹਜਹਾਂ ਨੇ ਇਕ ਵਾਰ ਆਪਣੇ ਪੁੱਤਰ ਔਰੰਗਜ਼ੇਬ ਦੇ ਭੈੜੇ ਵਿਹਾਰ ਤੋਂ ਤੰਗ ਆ ਕੇ ਉਸ ਨੂੰ, ਲਾਹਨਤਾਂ ਪਾਂਦੇ ਬਦਕਾਰ, ਬਦ-ਇਖ਼ਲਾਕ, ਬਦ-ਦਿਆਨਤ ਅਤੇ ਨਿਰਦਈ ਤਕ ਕਿਹਾ ਸੀ) ਆਪਣੇ ਪਿਤਾ ਨੂੰ ਕੈਦ ਕਰਨ ਅਤੇ ਆਪਣੇ ਭਰਾਵਾਂ ਦੇ ਕਤਲ ਕਰਨ ਵਰਗੇ ਜੁਰਮਾਂ 'ਤੇ ਪਰਦਾ ਪਿਆ ਰਹਿਣ ਦੇਣ ਲਈ, ਔਰੰਗਜ਼ੇਬ ਨੂੰ ਮੌਲਾਣਿਆ ਨੂੰ ਖ਼ੁਸ ਕਰਨ ਦਾ ਸੌਖਾ ਹਲ, ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣਾ ਨਜ਼ਰ ਆਇਆ। ਆਪਣੇ ਸੁਆਰਥ ਦੀ ਪੂਰਤੀ ਲਈ, ਉਸ ਮੁਤੱਸਬੀ ਨੇ ਇਸਲਾਮ ਤੋਂ ਇਲਾਵਾ ਹਰ ਧਰਮ ਨੂੰ ਨਸ਼ਟ ਕਰਨ ਲਈ ਹਰ ਸਿੱਧਾ ਪੁੱਠਾ ਜਤਨ ਕਰਨਾ ਹੀ ਆਪਣਾ ਮਨੋਰਥ ਬਣਾ ਲਿਆ ਸੀ।

ਧਰਮ ਲਈ ਕੁਰਬਾਨੀ ਦੇਣ ਵਾਲੇ ਸਿੱਖ ਧਰਮ ਦੇ ਪਹਿਲੇ ਮਹਾਨ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਰਿਵਾਰ ਵਿੱਚ ਬਾਲ ਤਿਆਗ ਮਲ ਦੇ ਰੂਪ ਵਿਚ (ਗੁਰੂ) ਤੇਗ਼ ਬਹਾਦੁਰ ਜੀ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ, 01 ਅਪ੍ਰੈਲ, ਸੰਨ 1621ਈ ਨੂੰ ਪਿਤਾ ਗੁਰੂ ਹਰਿਗੋਬਿੰਦ ਜੀ ਦੇ ਗ੍ਰਹਿ, ਮਾਤਾ ਨਾਨਕੀ ਜੀ ਦੇ ਉਦਰ ਤੋਂ ਪ੍ਰਕਾਸ਼ਮਾਨ ਹੋਏ। ਗੁਰੂ ਸਾਖੀਆਂ ਦੇ ਅਧਿਅਨ ਤੋਂ ਪਤਾ ਚਲਦਾ ਹੈ ਕਿ ਗੁਰੂ ਹਰਿਗੋਬਿੰਦ ਜੀ, ਮਾਤਾ ਨਾਨਕੀ ਅਤੇ ਨਵਜਨਮੇ ਬੱਚੇ ਨੂੰ ਦੇਖਣ ਗੁਰੂ ਕੇ ਮਹਿਲ ਅੰਮ੍ਰਿਤਸਰ ਪਧਾਰੇ। ਬੱਚੇ ਦਾ ਦੀਦਾਰ ਕਰ ਕੇ, ਬੱਚੇ ਦਾ ਅਭਿਨੰਦਨ ਕਰਦਿਆਂ, ਗੁਰੂ ਹਰਿਗੋਬਿੰਦ ਜੀ ਨੇ "ਦੀਨ ਰਛ ਸੰਕਟ ਹਰੈ, ਸਦਾ ਯਹੀ ਪਹਿਚਾਨ" ਸ਼ਬਦ ਉਚਾਰਨ ਕੀਤੇ। ਉਸ ਸਮੇਂ ਗੁਰੂ ਸਾਹਿਬ ਦੇ ਕੋਲ ਖੜੇ ਗੁਰੂ ਘਰ ਦੇ ਸੇਵਕ ਭਾਈ ਬਿਧੀ ਚੰਦ ਜੀ ਇਹ ਸ਼ਬਦ ਸੁਣ ਕੇ ਗੁਰੂ ਸਾਹਿਬ ਤੋਂ ਕਥਨ ਬਾਰੇ ਪੁਛ ਬੈਠਾ। ਗੁਰੂ ਸਾਹਿਬ ਨੇ ਆਉਣ ਵਾਲੇ ਹਾਲਾਤਾਂ ਦੀ ਪੇਸ਼ੀਨਗੋਈ ਕਰਦਿਆਂ ਫ਼ਰਮਾਇਆ ਕਿ 'ਆਉਣ ਵਾਲੇ ਵਕਤਾਂ ਵਿਚ ਇਹ ਤੇਜਸਵੀ ਬਾਲ ਸਹਿਨਸ਼ੀਲ, ਉਦਾਰ ਅਤੇ ਨਿਆਸਰਿਆਂ ਦਾ ਆਸਰਾ ਸਾਬਤ ਹੋਏਗਾ। ਇਸ ਦੇ ਘਰ ਜੋ ਬਾਲ ਜਨਮ ਲਏਗਾ, ਉਹ ਜ਼ੁਲਮ ਅਤੇ ਜ਼ਲਮ ਦੋਹਾਂ ਦਾ ਨਾਸ਼ ਕਰੇਗਾ'।

ਜਨਮ-ਸਾਖੀਆਂ ਵਿੱਚ, ਸਿੱਖ ਗੁਰੂ ਇਤਿਹਾਸ ਦੀ ਜੋ ਮੁਢਲੀ ਜਾਣਕਾਰੀ ਮਿਲਦੀ ਹੈ, ਉਸ ਜਾਣਕਾਰੀ ਨੂੰ ਗੌਰ ਨਾਲ ਪੜ੍ਹਿਆਂ, ਸਾਫ ਪਤਾ ਚਲਦਾ ਹੈ ਕਿ ਸਾਖੀਆਂ ਵਿਚ ਇਤਿਹਾਸ ਘਟ ਤੇ ਕਰਾਮਾਤਾਂ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਲਗਦਾ ਹੈ, ਜੋ ਸਿੱਖ ਵਿਚਾਰਧਾਰਾ ਦੇ ਖ਼ਿਲਾਫ਼ ਹੈ। ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਦੇ ਪੀਰਾਂ ਅਤੇ ਪੈਗੰਬਰਾਂ ਦੇ ਬਿਉਰਿਆਂ ਵਾਂਗ ਹੀ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੀਵਨੀਆਂ ਨੂੰ ਗ਼ੈਬੀ ਸ਼ਕਤੀਆਂ ਦੇ ਮਾਲਿਕ ਦਰਸਾਉਣ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਸੋਚਣ ਦੀ ਗੱਲ ਹੈ ਕਿ ਜੇਕਰ ਸਿੱਖ ਗੁਰੂ ਸਾਹਿਬਾਨ ਨੇ ਗ਼ੈਬੀ ਸ਼ਕਤੀਆਂ ਦਰਸਾਉਣੀਆਂ ਹੀ ਹੁੰਦੀਆਂ ਤਾਂ, ਅਜ਼ਮਤਾਂ,ਵਡਿਆਈਆਂ ਅਤੇ ਗ਼ੈਬੀ ਸ਼ਕਤੀਆਂ ਦੇ ਮਾਲਿਕ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦੁਰ ਜੀ ਅਤੇ ਤਿੰਨ ਸਾਥੀਆਂ ਦੀਆਂ ਸ਼ਹਾਦਤਾਂ ਨਾ ਹੁੰਦੀਆਂ ਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਸਾਰਾ ਜੀਵਨ ਸੰਘਰਸ਼ ਕਰਦਿਆਂ ਗੁਜ਼ਾਰਦੇ। ਫ਼ਿਰ, ਨਾ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸ ਵਾਰਨ ਦੀ ਲੋੜ ਹੀ ਪੈਣੀ ਸੀ। ਇਸ ਕਥਨ ਵਿਚ ਸ਼ਕ ਨਹੀਂ ਕਿ ਸਿੱਖ ਗੁਰੂ ਸਾਹਿਬਾਨ, ਗ਼ੈਬੀ ਸ਼ਕਤੀਆਂ, ਅਜ਼ਮਤਾਂ ਅਤੇ ਵਡਿਆਈਆਂ ਦੇ ਮਾਲਿਕ ਸਨ। ਐਪਰ, ਗ਼ੈਬੀ

ਸ਼ਕਤੀਆ ਹੋਣ ਦੇ ਬਾਵਜੂਦ, ਸਿੱਖ ਗੁਰੂ ਸਾਹਿਬਾਨ ਨੇ, ਨਾ ਸਿਰਫ ਸਿੱਖ ਜਗਤ ਨੂੰ ਰੱਬ ਦੀ ਰਜ਼ਾ ਵਿਚ ਜੀਵਨ ਬਤੀਤ ਕਰਨ ਦੇ ਸਿਧਾਂਤ ਦਾ ਸੁਨੇਹਾ ਦਿੱਤਾ, ਸਗੋਂ ਆਪ ਵੀ 'ਭਾਣਾ' ਆਦਰਸ਼ ਦੀ ਜੀਵਨ ਜਾਚ ਅਪਣਾਈ।

ਇਸ ਨਵੀਂ ਉਭਰੀ ਸੋਚ ਕਾਰਨ ਹੀ, ਸਿੱਖ ਕੌਮ ਨੇ ਵਕਤ ਆਉਣ ਤੇ ਸਮੇਂ ਦੀ ਵੰਗਾਰ ਦਾ ਜਵਾਬ ਦੇਣ ਲਈ, ਸ਼ਹਾਦਤਾਂ ਦੇ ਜਾਮ ਪੀਣ ਦਾ ਸੰਕਲਪ ਲਿਆ। ਸਿੱਖ ਧਰਮ ਵਿਚ ਸ਼ਹਾਦਤ ਅਨਿਆਂ ਅਤੇ ਜਬਰ-ਜ਼ੁਲਮ ਦੇ ਖ਼ਿਲਾਫ ਸਿਰ ਉਠਾ ਕੇ ਜੀਣ ਲਈ ਕੁਰਬਾਨੀ ਦਾ ਨਾਮ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਨਾਲ, ਜ਼ਾਲਿਮ ਹਾਕਮਾਂ ਦੇ ਜ਼ੁਲਮ ਹੇਠਾਂ ਦਬਦੀ 'ਤੇ ਕੁਚਲੀ ਜਾ ਰਹੀ ਲੁਕਾਈ ਦਿਆਂ ਮਾਨਵੀ ਹੱਕਾਂ ਦੀ ਰਾਖੀ ਅਤੇ ਧਰਮ ਵਿੱਚ ਵਿਸਵਾਸ ਬਹਾਲ ਕਰਵਾਉਣ ਲਈ, ਮਨੁੱਖੀ 'ਜਨਮ ਸਿਧ ਧਾਰਮਿਕ ਅਧਿਕਾਰ' ਦੀ ਆਵਾਜ਼ ਉਠਾ ਕੇ, ਸਿੱਖ ਧਰਮ ਨੂੰ ਹੀ ਨਹੀਂ, ਸਮੁੱਚੇ ਵਿਸ਼ਵ ਭਾਈਚਾਰੇ ਨੂੰ ਮਾਨਵੀ ਧਾਰਮਿਕ ਅਧਿਕਾਰਾਂ ਦੀ ਗੱਲ ਸੁਝਾਣ ਦੀ ਪਹਿਲ ਕੀਤੀ। ਮਨੁੱਖੀ ਸਮਾਜ ਨੂੰ, ਸਿੱਖ ਧਰਮ ਦੀ 'ਮਾਨਵੀ ਧਾਰਮਿਕ ਅਧਿਕਾਰਾਂ' ਦੇ ਰੂਪ ਵਿਚ, ਅਮੁੱਲੀ ਦੇਣ ਹੈ। ਇਸ ਨਵਜਨਮੀ ਵਿਚਾਰਧਾਰਾ ਨੂੰ ਅਸੀਂ ਸਿੱਖ ਕੌਮ ਵਿਚ ਕ੍ਰਾਂਤੀਕਾਰੀ ਵਿਚਾਰਧਾਰਾ ਜਾਂ ਜ਼ੁਲਮ ਦਾ ਟਾਕਰਾ ਕਰਨ ਲਈ ਸੰਘਰਸ਼ ਦੇ ਸੰਕਲਪ ਦਾ ਜਨਮ ਵੀ ਕਹਿ ਸਕਦੇ ਹਾਂ। ਸੰਸਾਰ ਵਿਚ ਮਾਨਵੀ ਇਤਿਹਾਸ ਦਾ ਇਹ ਉਹ ਸਮਾਂ ਸੀ ਜਦੋਂ, ਮਾਨਵੀ ਅਧਿਕਾਰ ਦੀ ਗੱਲ ਕਰਨੀ ਤਾਂ ਦੂਰ, ਖ਼ਬਰੇ ਕਿਸੇ ਨੇ 'ਮਾਨਵੀ ਅਧਿਕਾਰ' ਸ਼ਬਦ ਵੀ ਨਾ ਸੁਣਿਆ ਹੋਏ? ਇਹ ਵੀ ਇਤਿਹਾਸਕ ਸਚਾਈ ਹੈ ਕਿ ਇਸ ਅਦੁੱਤੀ ਕੀਰਤੀਮਾਨ ਨੂੰ ਰਚਣ ਦਾ ਸਿਲਾ ਸਿੱਖ ਕੌਮ ਨੂੰ ਨਹੀਂ ਮਿਲ ਸਕਿਆ, ਕਿਉਂ? ਆਪਣੇ ਆਪ ਵਿੱਚ, ਇਹ ਇੱਕ ਅਹਿਮ ਸਵਾਲ ਹੈ।

ਸੰਨ 1644ਈ ਦੇ ਆਰੰਭ ਵਿਚ ਆਪਣੇ ਗੁਰੂ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਆਦੇਸ਼ 'ਤੇ (ਗੁਰੂ) ਤੇਗ ਬਹਾਦੁਰ ਜੀ ਆਪਣੀ ਮਾਤਾ ਨਾਨਕੀ ਜੀ ਦੇ ਨਾਲ, ਕੀਰਤਪੁਰ ਸਾਹਿਬ ਤੋਂ ਬਕਾਲੇ ( ਆਪਣੇ ਨਾਨਕੇ ਪਿੰਡ) ਆ ਗਏ ਸਨ। ਜਿੱਥੇ( ਗੁਰੂ) ਤੇਗ਼ ਬਹਾਦੁਰ ਸਾਹਿਬ ਨੇ 21 ਸਾਲਾਂ ਤੋਂ ਵੱਧ ਸਮਾਂ ਇਕਾਂਤ ਵਿਚ ਬੈਠ ਕੇ ਤਪ ਕਰਦਿਆਂ ਬਿਤਾਇਆ। ਬਕਾਲਾ ਵਿਖੇ, ਇੱਕ ਸਿਦਕਵਾਨ ਸਿੱਖ ਭਾਈ ਮੱਖਣ ਸ਼ਾਹ ਲੁਭਾਣਾ ਦੁਆਰਾ, ਗੁਰੂ ਨਾਨਕ ਦੀ ਨੌਵੀਂ ਜੋਤ ਦੇ ਰੂਪ ਵਿਚ ਗੁਰੂ ਤੇਗ਼ ਬਹਾਦੁਰ ਜੀ ਨੂੰ ਪ੍ਰਗਟ ਕਰਨ ਮਗਰੋਂ, 20 ਮਾਰਚ, ਸੰਨ 1665ਈ ਨੂੰ ਗੁਰੂ ਤੇਗ ਬਹਾਦੁਰ ਜੀ ਦੀ ਗੁਰਿਆਈ ਦੇ ਤਿਲਕ ਦੀ ਰਸਮ ਅਦਾ ਹੋਈ। ਉਪ੍ਰੰਤ, ਮਾਤਾ ਜੀ ਦੀ ਰਾਏ ਮੰਨ, ਗੁਰੂ ਤੇਗ ਬਹਾਦੁਰ ਜੀ ਨੇ ਬਕਾਲਾ ਤੋਂ ਕੀਰਤਪੁਰ ਸਾਹਿਬ ਆਉਣ ਦਾ ਫ਼ੈਸਲਾ ਲਿਆ। ਕੀਰਤਪੁਰ ਸਾਹਿਬ ਵਿਖੇ ਗੁਰੂ ਤੇਗ਼ ਬਹਾਦੁਰ ਜੀ ਨੇ ਭਾਈ ਮਤੀ ਦਾਸ ਜੀ ਨੂੰ ਗੁਰੂ ਘਰ ਦਾ ਦੀਵਾਨ ਅਤੇ ਭਾਈ ਸਤੀ ਦਾਸ ਜੀ ਨੂੰ ਗੁਰੂ ਘਰ ਵਿਚ ਲੰਗਰ-ਪਾਣੀ ਆਦਿ (ਰਸੋਈ) ਦੀਆਂ ਸੇਵਾਵਾਂ ਦੀ ਸੌਂਪਣਾ ਕੀਤੀ। ਭਾਈ ਦਇਆਲਾ ਜੀ( ਭਾਈ ਦਇਆਲ ਦਾਸ ਜੀ) ਨੂੰ ਗੁਰੂ ਘਰ ਨਾਲ ਜੁੜੇ ਭਵਨਾਂ ਅਤੇ ਬਾਗ਼ਾਂ ਦੀ ਦੇਖ-ਰੇਖ ਦੀ ਜ਼ੁੰਮੇਵਾਰੀ ਸੌਂਪੀ ਗਈ।

ਔਰੰਗਜ਼ੇਬ ਨੇ, ਆਪਣੀ ਰਾਜਸੀ ਤਾਕਤ ਦੇ ਜ਼ੋਰ ਤੇ ਇਸਲਾਮ ਨੂੰ ਵਧਾਉਣ ਦੀ ਆੜ ਵਿਚ, ਆਪਣੇ ਅਹਿਲਕਾਰਾਂ ਰਾਹੀਂ ਹੋਰ ਧਰਮਾਂ ਵਿਚ ਵਿਸ਼ਵਾਸ ਰੱਖਣ ਵਾਲਿਆਂ 'ਤੇ ਧੱਕਾ ਜ਼ੋਰੀ ਕਰ ਇਸਲਾਮ ਧਰਮ ਵਿਚ ਪਰਿਵਰਤਨ ਲਈ ਮਜਬੂਰ ਕਰਨਾ ਆਰੰਭ ਕਰ ਦਿੱਤਾ । ਉਨ੍ਹੀਂ ਦਿਨੀਂ ਹਿੰਦੁਸਤਾਨ ਵਿਚ, ਬਨਾਰਸ ਅਤੇ ਕਸ਼ਮੀਰ ਹਿੰਦੂ ਸੰਸਕ੍ਰਿਤੀ ਦੇ ਕੈਂਦਰ ਮੰਨੇ ਜਾਂਦੇ ਸਨ। ਬਨਾਰਸ ਵਿਚ ਇਸਲਾਮ ਵਿਚ ਪਰਿਵਰਤਨ ਦਾ ਕੰਮ ਸ਼ੁਰੂ ਹੋ ਚੁੱਕਾ ਸੀ। ਕਸ਼ਮੀਰੀ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਲਈ, ਔਰੰਗਜ਼ੇਬ ਨੇ ਸੰਨ 1671ਈ ਵਿਚ ਇਫ਼ਤਿਖ਼ਾਰ ਖ਼ਾਨ( ਸ਼ੇਰ-ਏ ਅਫ਼ਗਾਨ ਖਿਤਾਬ ਨਾਲ) ਨੂੰ ਕਸ਼ਮੀਰ ਦਾ ਗਵਰਨਰ ਥਾਪ ਕੇ ਇਸਲਾਮ ਫ਼ੈਲਾਉਣ ਦਾ ਮਨਸੂਬਾ ਬਣਾਇਆ। । ਇਫ਼ਤਿਖ਼ਾਰ ਖ਼ਾਨ ਨੇ ਕਸ਼ਮੀਰੀ ਪੰਡਿਤਾਂ ਦੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕਰਨੀ ਅਤੇ ਜ਼ਬਰਦਸਤੀ ਗਾਂ ਦਾ ਮਾਸ ਖੁਆਣ ਵਰਗੇ ਜ਼ੁਲਮ ਕਰਨੇ ਆਰੰਭ ਕਰ ਦਿੱਤੇ। ਇਫ਼ਤਿਖਾਰ ਖਾਨ ਦੁਆਰਾ ਕੀਤੇ ਜਾਣ ਵਾਲੇ ਜ਼ੁਲਮਾਂ ਤੋਂ ਭੈਭੀਤ ਹੋਏ ਅਨੇਕਾਂ ਹਿੰਦੂ ਇਸਲਾਮ ਵਿਚ ਪਰਵਰਤਿਤ ਹੋਣ ਨੂੰ ਮਜਬੂਰ ਹੋ ਗਏ। ਧਰਮ ਪਰਿਵਰਤਨ ਦੇ ਜ਼ੁਲਮ ਤੋਂ ਡਰੇ ਹੋਏ, 500 ਕਸ਼ਮੀਰੀ ਪੰਡਿਤਾਂ ਦਾ ਇਕ ਟੋਲਾ, ਆਪਣੇ ਮੁਖੀ ਪੰਡਿਤ ਕਿਰਪਾ ਰਾਮ ਦੱਤ ਨੂੰ ਫ਼ਰਿਆਦ ਕਰਨ ਉਸ ਦੇ ਪਿੰਡ ਪਟਨ ਪੁੱਜਾ। ਪੰਡਿਤ ਕਿਰਪਾ ਰਾਮ ਕੁਝ ਪੰਡਿਤਾਂ ਨੂੰ ਨਾਲ ਲੈ ਕੇ ਮਰਹੱਟਿਆਂ, ਪਹਾੜੀ ਰਾਜਿਆਂ ਅਤੇ ਰਾਜਪੂਤ ਰਾਜਿਆਂ ਨੂੰ ਮਦੱਦ ਮੰਗਣ ਲਈ ਮਿਲਿਆ। ਸਭਨਾ ਪਾਸਿਉਂ ਆਪਣੇ ਧਰਮ ਚਿੰਨ੍ਹਾਂ ਦੀ ਰੱਖਿਆ ਕਰਵਾਉਣ ਵਿਚ ਨਿਫਲ ਹੋ, ਉਸ ਨੂੰ ਗੁਰੂ ਨਾਨਕ ਸਾਹਿਬ ਦੀ ਨੌਵੀਂ ਜੋਤ, ਗੁਰੂ ਤੇਗ਼ ਬਹਾਦੁਰ ਜੀ ਦਾ ਖ਼ਿਆਲ ਆਇਆ। ਗੁਰੂ ਤੇਗ਼ ਬਹਾਦੁਰ ਜੀ ਆਪਣੇ ਧਰਮ ਪ੍ਰਚਾਰ ਦੌਰਿਆਂ ਵਿਚ ਸੰਗਤਾਂ ਨੂੰ ਅਕਸਰ, "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।" (ਅੰਗ ੧੪੨੭ਸ਼੍ਰੀ ਗੁ ਗ੍ਰ ਸਾ) ,ਭਾਵ, ਨਾ ਕਿਸੇ ਨੂੰ ਡਰਾਉ ਅਤੇ ਨਾ ਕਿਸੇ ਕੋਲੋਂ ਡਰਨ ਦਾ ਉਪਦੇਸ਼ ਦਿੰਦੇ ਸਨ।

ਗੁਰੂ ਤੇਗ ਬਹਾਦੁਰ ਸਾਹਿਬ ਨੂੰ ਆਪਣੀ ਆਖਰੀ ਉਮੀਦ ਜਾਣ, ਪੰਡਿਤ ਕਿਰਪਾ ਰਾਮ ਦੱਤ 16 ਕਸ਼ਮੀਰੀ ਪੰਡਿਤਾਂ

ਦੇ ਟੋਲੇ ਨਾਲ, ਹਾਹਾਕਾਰ ਕਰਦਾ ਫ਼ਰਿਆਦੀ ਬਣ, ਸੰਨ 1675ਈ ਦੇ ਮਈ ਮਹੀਨੇ ਵਿਚ, ਆਨੰਦਪੁਰ ਸਾਹਿਬ ਆ ਪੁੱਜਾ। ਪੰਡਿਤਾਂ ਦੇ ਟੋਲੇ ਨੇ ਗੁਰੂ ਤੇਗ਼ ਬਹਾਦੁਰ ਜੀ ਨੂੰ ਆਪਣੀ ਦਿਲ ਹਿਲਾਉਣੀ ਵਿਥਾ ਸੁਣਾ ਕੇ, ਆਪਣੇ ਧਰਮ ਦੀ ਰੱਖਿਆ ਕਰਨ ਲਈ ਬੇਨਤੀ ਕੀਤੀ। ਫ਼ਰਿਆਦੀਆਂ ਦੀ ਵਿਥਾ ਸੁਣ ਕੇ, ਗੁਰੂ ਤੇਗ ਬਹਾਦੁਰ ਜੀ ਦੀ ਪ੍ਰਤੀਕ੍ਰਿਆ ਸੀ ਕਿ, ਰਾਜਸੀ ਜ਼ੁਲਮ ਦੀ ਇਸ ਭੜਕੀ ਅੱਗ ਨੂੰ ਕਿਸੇ ਵਲੀ ਪੀਰ ਜਾਂ ਮਹਾਪੁਰਸ਼ ਦਾ ਖ਼ੂਨ ਹੀ ਸ਼ਾਂਤ ਕਰ ਸਕਦਾ ਹੈ। ਇਤਿਹਾਸਕਾਰ ਲਿਖਦੇ ਹਨ ਕਿ ਕੋਲ ਹੀ ਬੈਠੇ, ਬਾਲ ਗੋਬਿੰਦ ਜੀ ਦੇ ਮੁੱਖ ਤੋਂ ਸੁਭਾਵਕ ਨਿਕਲਿਆ ਕਿ "ਅਜਿਹਾ ਮਹਾਪੁਰਸ਼ ਇਨ੍ਹਾਂ ਸਮਿਆਂ ਵਿਚ ਆਪ ਤੋਂ ਬਗ਼ੈਰ ਹੋਰ ਕੌਣ ਹੋ ਸਕਦਾ ਹੈ?" ਇਹ ਸ਼ਬਦ ਸੁਣ ਕੇ, ਗੁਰੂ ਤੇਗ ਬਹਾਦੁਰ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਟੋਲੇ ਨੂੰ ਧੀਰ ਬਨ੍ਹਾਉਂਦਿਆ ਕਿਹਾ ਕਿ "ਔਰੰਗਜ਼ੇਬ ਨੂੰ ਕਹਿ ਦਿਉ ਕਿ ਜੇ ਗੁਰੂ ਤੇਗ਼ ਬਹਾਦੁਰ ਜੀ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ।" ਇਸ ਮਿਲਣੀ ਦਾ ਵੇਰਵਾ ਭੱਟ ਵਹੀਆਂ ਵਿਚ ਵੀ ਹੇਠ ਲਿਖੇ ਅਨੁਸਾਰ ਮਿਲਦਾ ਹੈ("ਕ੍ਰਿਪਾ ਰਾਮ ਬੇਟਾ ਅੜੂ ਰਾਮ ਦਾ, ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮਦਾਸ ਕਾ, ਬੰਸ ਠਾਕਰ ਸਾਰਸੁਤ ਦੱਤ ਬ੍ਰਹਮਦਾਸ ਕੀ, ਭਾਰਜਵਾਜੀ ਗੋਤ੍ਰਾ, ਬਾਸੀ ਪਟਨ, ਪ੍ਰਗਨਾ ਸ੍ਰੀਨਗਰ, ਦੇਸ਼ ਕਸ਼ਮੀਰ ਖੋੜਸਮੁਖੀ ਕਸ਼ਮੀਰੀ ਬਰਾਹਮਨੋ ਕੋ ਸੰਗ ਲੇ ਕੇ, ਚੱਕ ਨਾਨਕੀ ਆਇਆ, ਪ੍ਰਗਨਾ ਕੋਹਲੂਰ ਮੇਂ ਸੰਬਤ ਸਤਰਾ ਸੈ ਬੱਤੀਸ, ਜੇਠ ਮਾਸੇ, ਸੁਦੀ ਇਕਾਦਸੀ ਕੇ ਦੇਹੁ( ਭੱਟ ਵਹੀ ਤਲਊਂਡਾ, ਪ੍ਰਗਨਾ ਜੀਂਦ)

ਗੁਰੂ ਤੇਗ਼ ਬਹਾਦੁਰ ਜੀ ਦਿਆਂ ਸ਼ਬਦਾਂ ਨੇ ਕਸ਼ਮੀਰੀ ਪੰਡਿਤਾਂ ਦੇ ਟੋਲੇ ਦਿਆਂ ਦਿਲਾਂ ਦੇ ਜ਼ਖ਼ਮਾਂ ਤੇ ਲੇਪ ਦਾ ਕੰਮ ਕੀਤਾ। ਪੰਡਿਤਾਂ ਨੂੰ ਆਪਣੇ ਸਿਰਾਂ ਤੇ ਜ਼ੁਲਮ ਦਿਆਂ ਕਾਲੇ ਲਹਿਰਾਂਦਿਆਂ ਬਦਲਾਂ 'ਚੋਂ ਉਮੀਦ ਦੀ ਕਿਰਨ ਨਜ਼ਰ ਆਉਣ ਲੱਗੀ। ਕਸ਼ਮੀਰ ਵਾਪਿਸ ਆ ਕੇ ਪਡਿੰਤਾਂ ਨੇ ਗੁਰੂ ਤੇਗ ਬਹਾਦੁਰ ਸਾਹਿਬ ਦਾ ਸੁਨੇਹਾ ਔਰੰਗਜ਼ੇਬ ਦੇ ਦਰਬਾਰ ਪਹੁੰਚਾ ਦਿੱਤਾ। ਇਤਿਹਾਸਕ ਗਵਾਹੀਆਂ ਮਿਲਦੀਆਂ ਹਨ ਕਿ ਗੁਰੂ ਤੇਗ਼ ਬਹਾਦੁਰ ਜੀ ਨੇ ਦਿੱਲੀ ਲਈ ਰਵਾਨਾ ਹੋਣ ਤੋਂ ਪਹਿਲਾਂ (ਗੁਰੂ) ਗੋਬਿੰਦ ਜੀ ਨੂੰ ਗੁਰਿਆਈ ਦੇਣ ਦੀ ਰਸਮ ਅਦਾ ਕੀਤੀ। ਇਸ ਰਸਮ ਬਾਰੇ ਬਦੇਸ਼ੀ ਇਤਿਹਾਸਕਾਰ ਕਨਿੰਗਹੈਮ ਲਿਖਦਾ ਹੈ "ੱਹੲਨ ਠੲਗਹ ਬਅਹਅਦੁਰੱ ਅਸੋ ਨੱ ਐ ਟੋ ਧੲਲਹਿ, ਹੲ ਸੲਨਟ ੋਰ ਹਸਿੰੋਟਹੁਲ ਸੋਨ ਅਨਦ ਗਰਿਦਨਿਗੁ ਪੋਨ ਹਮਿ, ਟਹੲ ਸੌਰਦ ੋੁ ਅਰ ਘੋਬਨਿਦ, ਹੲ ਹਅਲਿੲਦ ਹਮਿ ਟਹੲ ਗੁਰੁੋ ਾ ਿਕਿਹਸ" ਪਅਗੲ 58 ੍ਹ ਸਿਟੋਰੇ ੋ ਾ ਿਕਿਹਸ। 1997 ੲਦਟਿੋਨਿ। ਭੱਟ ਵਹੀਆਂ ਵਿਚ ਵੀ ਗੁਰੂ ਗੋਬਿੰਦ ਜੀ ਦੀ ਤਿਲਕ ਰਸਮ ਬਾਰੇ ਗਵਾਹੀ ਮਿਲਦੀ ਹੈ।("ਗੁਰੂ ਤੇ ਬਹਾਦੁਰ ਜੀ ਮਹਲ ਨੌਮਾ ।।।।ਨੇ ਇਨੇ ਧੀਰਜ ਦਈ। ਸਾਵਨ ਪ੍ਰਬਿਸ਼ਟੇ ਕੇ ਦੇਹੁ ਗੁਰੂ ਗੋਬਿੰਦ ਦਾਸ ਜੀ ਕੋ ਗੁਰ ਗਦੀ ਕਾ ਟੀਕਾ ਦੇ ਕੇ ਦਿਲੀ ਕੀ ਤਰਫ ਜਾਨੇ ਕੀ ਤਿਆਰੀ ਕੀ"। ਖਾਸ ਦੀਵਾਨ ਮਤੀ ਦਾਸ, ਸਤੀ ਦਾਸ ਰਸੋਈਆਂ, ਬੇਟਾ ਹੀਰਾ ਨੰਦ ਕੇ, ਦਿਆਲ ਦਾਸ ਬੇਟਾ ਮਾਈ ਦਾਸ ਕਾ ਜਲਹਾਨਾ ਬਲਉਤ ਆਇਆ")

ਸੰਨ 1675ਈ ਦੀ ਮਈ ਵਿਚ, ਅਨੰਦਪੁਰ ਸਾਹਿਬ ਵਿਖੇ, ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ, ਹਿੰਦੂਆਂ ਦੇ ਧਾਰਮਿਕ ਚਿੰਨ੍ਹ ਤਿਲਕ ਅਤੇ ਜਨੇਊ ਦੀ ਰਾਖੀ ਲਈ ਗੁਰੂ ਤੇਗ਼ ਬਹਾਦੁਰ ਜੀ ਨੇ ਨਿੱਜੀ ਸ਼ਹਾਦਤ ਦੇਣ ਦਾ ਸੰਕਲਪ ਲਿਆ ( ਜਨੇਊ ਹਿੰਦੂਆਂ ਦੀ ਸਾਂਝੀ ਰਸਮ ਨਾ ਹੋ ਕੇ, ਸਮਾਜ ਦੀ ਇਕ ਸ਼ਰੇਣੀ ਦਿਆਂ ਮਰਦਾਂ ਲਈ ਰਾਖਵਾਂ ਕੀਤਾ ਗਿਆ ਸਿਲਸਿਲਾ ਹੈ। (ਬ੍ਰਹਮਚਾਰੀ ਬ੍ਰਾਹਮਣ ਨੂੰ ਵਿਦਿਆ ਆਰੰਭ ਕਰਨ ਵੇਲੇ ਜਨੇਊ ਗ੍ਰਹਿਣ ਕਰਨਾ ਜ਼ਰੂਰੀ ਸੀ,( ਰਸਮ ਅਦਾ ਕਰਨ ਸਮੇਂ ਦੀ ਉਮਰ 9 ਸਾਲ ਮੰਨੀ ਜਾਂਦੀ ਹੈ) ਜਦਕਿ ਇਸ ਵਰਗ ਦੀਆਂ ਇਸਤ੍ਰੀਆਂ ਨੂੰ ਇਹ ਅਧਿਕਾਰ ਪ੍ਰਾਪਤ ਨਹੀਂ) ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਪ੍ਰਤੀਨਿਧਾਂ ਨੂੰ ਧੀਰਜ ਦੇ ਕੇ ਵਾਪਿਸ ਕਸ਼ਮੀਰ ਜਾਣ ਲਈ ਕਿਹਾ। ਇਕ ਭੱਟ ਵਹੀ ਵਿਚ ਕਸ਼ਮੀਰੀ ਪੰਡਿਤਾਂ ਬਾਰੇ ਅੰਕਿਤ ਜਾਣਕਾਰੀ ਅਨੁਸਾਰ, "ਗੁਰੂ ਤੇਗ਼ ਬਹਾਦੁਰ ਜੀ, ਮਹਲ ਨੌਮਾ ਨੇ ਇਨੇ ਧੀਰਜ ਦਈ। ਸਾਵਨ ਪ੍ਰਬਿਸ਼ਦੇ ਅੱਠੇ ਕੇ ਦੇਹੁ ਗੁਰੂ ਗੋਬਿੰਦ ਦਾਸ ਜੀ ਕੋ ਗੁਰਗੱਦੀ ਕਾ ਟਿੱਕਾ ਦੇ ਕੇ ਦਿੱਲੀ ਕੀ ਤਰਫ ਜਾਨੇ ਕੀ ਤਿਆਰੀ ਕੀ। ਖਾਸ ਦੀਵਾਨ ਮਤੀ ਦਾਸ ਜੀ, ਸਤੀ ਦਾਸ ਰਸੋਈਆ, ਬੇਟਾ ਹੀਰਾ ਨੰਦ ਕੇ, ਦਇਆਲ ਦਾਸ ਬੇਟਾ ਮਾਈ ਦਾਸ ਕਾ ਜਲਹਾਨਾ ਬਲਉਤ ਆਇਆ।"(ਭੱਟ ਬਹੀ ਤਲਉਂਡਾ ਪਰਗਨਾ ਜੀਂਦ)

ਦਿੱਲੀ ਵਿਖੇ ਗੁਰੂ ਜੀ ਦੇ ਨਾਲ ਸ਼ਹਾਦਤ ਪਾਉਣ ਵਾਲੇ ਭਾਈ ਸਤੀ ਦਾਸ ਜੀ ਦੂਜੇ ਸਿੱਖ ਸ਼ਹੀਦ ਸਨ। ਭਾਈ ਸਤੀ ਦਾਸ ਜੀ ਮੁਢਲੇ ਜੀਵਨ ਦੀ ਜਾਣਕਾਰੀ ਅਨੁਸਾਰ, ਭਾਈ ਸਾਹਿਬ ਨੇ ਆਪਣੀ ਪਰਿਵਾਰਿਕ ਪਰੰਪਰਾ ਅਨੁਸਾਰ ਬ੍ਰਿਜ ਭਾਸ਼ਾ, ਪੰਜਾਬੀ ਅਤੇ ਵੇਲੇ ਦੀ ਸਰਕਾਰੀ ਜ਼ੁਬਾਨ ਫ਼ਾਰਸੀ ਵਿਚ ਮੁਹਾਰਤ ਹਾਸਿਲ ਕਰਨ ਮਗਰੋਂ ਪਰਿਵਾਰਕ ਕਾਰੋਬਾਰ ਵਿਚ ਸਮਾਂ ਬਿਤਾਉਣ ਲੱਗੇ। ਭਾਈ ਪਿਰਾਗਾ ਜੀ ਨੇ ਗੁਰੂ ਅਰਜਨ ਸਾਹਿਬ ਦੇ ਵਕਤਾਂ ਵਿਚ ਸਿੱਖੀ ਧਾਰਨ ਕੀਤੀ ਸੀ। ਇਸ ਲਈ ਸਿੱਖੀ ਵੱਲ ਪਰਿਵਾਰਿਕ ਝੁਕਾ ਹੋਣ ਕਾਰਨ ਭਾਈ ਸਤੀ ਦਾਸ ਜੀ ਦਾ ਵੀ ਝੁਕਾ ਗੁਰੂ ਘਰ ਵਲ ਹੋ ਗਿਆ। ਇਤਿਹਾਸ ਵਿਚ ਗਵਾਹੀਆਂ ਮਿਲਦੀਆਂ ਹਨ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ

ਦੇ ਪਿਤਾ ਆਪਣੇ ਅੰਤਿਮ ਸਮੇਂ ਵਿਚ, ਆਪਣੇ ਦੋਵੇਂ ਪੁੱਤਰਾਂ ਨੂੰ ਗੁਰੂ ਹਰਿਰਾਏ ਜੀ ਪਾਸ ਕੀਰਤਪੁਰ ਸਾਹਿਬ ਛੋੜ ਗਏ ਸਨ। ਸਮਾਂ ਪਾ ਕੇ ਦੋਵੇਂ ਭਰਾ ਗੁਰੂ ਘਰ ਦਿਆਂ ਕੰਮਾਂ ਨਾਲ ਜੁੜਦੇ ਗੁਰੂ ਘਰ ਦਾ ਅਨਿੱਖੜਵਾਂ ਅੰਗ ਬਣ ਗਏ।

ਬਾਦਸ਼ਾਹ ਜਹਾਂਗੀਰ ਦੇ ਸਮੇਂ ਗਵਾਲੀਅਰ ਵਿਚ ਕੈਦ 52 ਰਜਵਾੜਿਆਂ ਵਿੱਚ ਕੋਹਲੂਰ ਰਿਆਸਤ ਦੇ ਰਾਜੇ ਦੀਪ ਚੰਦ ਦਾ ਪਿਤਾ ਵੀ ਇਕ ਰਾਜਸੀ ਕੈਦੀ ਸੀ। ਗਵਾਲੀਅਰ ਕਿਲ੍ਹੇ ਦੀ ਕੈਦ 'ਚੋਂ ਆਜ਼ਾਦੀ ਦਿਵਾਉਣ ਲਈ ਰਾਜ ਪਰਿਵਾਰ ਗੁਰੂ ਹਰਿਗੋਬਿੰਦ ਜੀ ਦਾ ਆਭਾਰੀ ਸੀ। ਇਸੇ ਲਈ ਇਹ ਪਰਿਵਾਰ ਗੁਰੂ ਘਰ ਦਾ ਸਤਿਕਾਰ ਕਰਦਾ ਸੀ। 13 ਮਈ ਸੰਨ 1665ਈ ਨੂੰ ਦੀਪ ਚੰਦ ਦੀ ਅਚਾਨਕ ਮੌਤ ਹੋ ਗਈ। ਉਸ ਸਮੇਂ ਗੁਰੂ ਨਾਨਕ ਸਾਹਿਬ ਦੀ ਨੌਂਵੀਂ ਜੋਤ ਉਜਾਗਰ ਹੋ ਚੁੱਕੀ ਸੀ। ਦੀਪ ਚੰਦ ਦੀ ਰਾਣੀ ਨੇ ਗੁਰੂ ਤੇਗ਼ ਬਹਾਦੁਰ ਜੀ ਨੂੰ ਉਚੇਚੇ ਤੌਰ ਤੇ ਮਰਹੂਮ ਰਾਜੇ ਦੀ ਅੰਤਮ ਰਸਮ ਵਿਚ ਸ਼ਾਮਿਲ ਹੋਣ ਲਈ ਸੱਦਾ ਭੇਜਿਆ। ਸ਼ਾਹੀ ਪਰਿਵਾਰ ਦੀਆਂ ਰਸਮਾਂ ਪੂਰੀਆਂ ਹੋਣ ਦੇ ਬਾਅਦ, ਰਾਣੀ ਨੇ ਗੁਰੂ ਤੇਗ਼ ਬਹਾਦੁਰ ਜੀ ਨੂੰ ਮਾਖੋਵਾਲ ਪਿੰਡ ਦੀ ਜ਼ਮੀਨ ਭੈਂਟ ਕਰਨ ਦੀ ਇੱਛਾ ਜ਼ਾਹਰ ਕੀਤੀ। ਗੁਰੂ ਤੇਗ਼ ਬਹਾਦੁਰ ਜੀ ਨੇ ਜ਼ਮੀਨ ਭੇਂਟ ਵਿੱਚ ਲੈਣ ਦੀ ਥਾਂ, ਗੁਰੂ ਪਰਿਵਾਰਾਂ ਦੁਆਰਾ ਨਵੇਂ ਨਗਰ ਵਸਾਉਣ ਦੀ ਰੀਤ ਨੂੰ ਜਾਰੀ ਰੱਖਣ ਲਈ, ਮੁੱਲ ਤਾਰ ਕੇ ਜ਼ਮੀਨ ਲੈਣ ਦੀ ਮੋੜਵੀਂ ਪੇਸ਼ਕਸ਼ ਕੀਤੀ। ਰਾਣੀ ਦੀ ਰਜ਼ਾਮੰਦੀ ਤੇ ਗੁਰੂ ਸਾਹਿਬ ਨੇ 500 ਰੁਪੈ ਤਾਰ ਕੇ ਜ਼ਮੀਨ ਖਰੀਦਣਾ ਕੀਤੀ। 'ਹਿਸਟਰੀ ਆਫ਼ ਸਿਖਸ' ਦਾ ਲੇਖਕ *Siar ul Mutakharin* ਦੇ ਹਵਾਲੇ ਨਾਲ ਲਿਖਦਾ ਹੈ ਕਿ *For Makhowal the guru is said to have paid 500 rupees to the Raja of Kohlur*"। ਇਸੇ ਸਾਲ( ਸੰਨ1665ਈ), ਕੁਝ ਸਮੇਂ ਬਾਅਦ, ਗੁਰੂ ਤੇਗ਼ ਬਹਾਦੁਰ ਜੀ ਨੇ, ਮਾਖੋਵਾਲ ਦੀ ਜ਼ਮੀਨ ਤੇ ਨਵੇਂ ਨਗਰ 'ਚੱਕ ਨਾਨਕੀ' ਦੀ ਉਸਾਰੀ ਲਈ ਬਾਬਾ ਬੁੱਢਾ ਜੀ ਦੇ ਅੰਸ਼ ਚੋਂ ਬਾਬਾ ਗੁਰਦਿੱਤਾ ਜੀ ਪਾਸੋਂ ਨੀਂਹ ਰਖਵਾ ਕੇ ਉਸਾਰੀ ਆਰੰਭ ਕੀਤੀ। ਉਸਾਰੀ ਦੇ ਕੰਮਾਂ ਨਾਲ ਜੁੜੀ ਜ਼ੁੰਮੇਵਾਰੀ ਭਾਈ ਮਤੀ ਦਾਸ ਜੀ ਨੂੰ ਸੌਂਪੀ ਗਈ। ਇਸੇ ਸਾਲ ਕੁਝ ਸਮਾਂ ਬਾਅਦ, ਗੁਰੂ ਤੇਗ ਬਹਾਦੁਰ ਜੀ ਨੇ ਧਰਮ ਪ੍ਰਚਾਰ ਕਰਨ ਦਾ ਫੈਸਲਾ ਲਿਆ। ਗੁਰੂ ਤੇਗ਼ ਬਹਾਦੁਰ ਜੀ ਦੀ ਪੂਰਬ ਲਈ ਧਰਮ ਪ੍ਰਚਾਰ ਫੇਰੀ ਲਈ ਭਾਈ ਮਤੀ ਦਾਸ ਜੀ ਗੁਰੂ ਕਾਫ਼ਲੇ ਦੇ ਮੈਂਬਰ ਬਣਾਏ ਗਏ। ਧਰਮ ਪ੍ਰਚਾਰ ਫੇਰੀ ਦੇ ਸਮੇਂ ਵਿਚ ਗੁਰੂ ਤੇਗ਼ ਬਹਾਦੁਰ ਜੀ ਦੀ ਇੱਛਾ ਅਨੁਸਾਰ, ਗੁਰੂ ਘਰ ਦੀ ਰਸੋਈ ਦੀਆਂ ਸੇਵਾਵਾਂ ਦੇਖਣ ਦੇ ਨਾਲ ਹੀ, 'ਚੱਕ ਨਾਨਕੀ' ਦੀ ਉਸਾਰੀ ਦੀ ਸੇਵਾ ਵੀ ਭਾਈ ਸਤੀ ਦਾਸ ਜੀ ਨੂੰ ਸੌਂਪਣਾ ਕੀਤੀ ਗਈ।

ਦਿੱਲੀ ਮਹਾਨਗਰ ਦੇ ਚਾਂਦਨੀ ਚੌਕ ਵਿਖੇ, ਤਿਲਕ ਅਤੇ ਜਨੇਊ ਦੀ ਰੱਖਿਆ ਕਰਨ ਲਈ, ਗੁਰੂ ਤੇਗ਼ ਬਹਾਦੁਰ ਜੀ ਤੋਂ ਪਹਿਲਾਂ ਸ਼ਹੀਦ ਹੋਣ ਵਾਲੇ ਤਿੰਨ ਸਿੱਖਾਂ ਚੋਂ ਭਾਈ ਸਤੀ ਦਾਸ ਜੀ ਦੂਜੇ ਅਨੰਨ ਸਿੱਖ ਹੋਏ ਹਨ। ਭਾਈ ਸਤੀ ਦਾਸ ਜੀ, ਜਿਹਲਮ ਜ਼ਿਲ੍ਹੇ ਦੇ ਨਗਰ ਚਕਵਾਲ ਤੋਂ ਕੁਝ ਵਿੱਥ ਤੇ ਸਥਿਤ ਪਿੰਡ ਕਰਿਆਲਾ ਦੇ ਭਾਈ ਗੌਤਮ ਜੀ ਦੇ ਪੁੱਤਰ ਭਾਈ ਪਿਰਾਗਾ ਜੀ(ਭਾਈ ਪਰਾਗ ਦਾਸ ਜੀ) ਦੇ ਪੁੱਤਰ ਦੇ ਭਾਈ ਦਵਾਰਕਾ ਦਾਸ ਜੀ ਦੇ ਪੁੱਤਰ ਭਾਈ ਕਬੂਲ ਦਾਸ ਦੇ ਪੁੱਤਰ( ਭਾਈ ਪਿਰਾਗਾ ਜੀ ਦੇ ਪੜਪੋਤੇ ਸਨ)। ਕੁਝ ਇਤਿਹਾਸਕਾਰ ਭਾਈ ਸਤੀ ਦਾਸ ਜੀ ਨੂੰ ਭਾਈ ਪਰਾਗਾ ਜੀ ਦੇ ਪੋਤੇ ਭਾਈ ਹੀਰਾ ਨੰਦ ਜੀ ਦੇ ਪੁੱਤਰ ਅਤੇ ਭਾਈ ਮਤੀ ਦਾਸ ਜੀ ਦੇ ਭਰਾਤਾ ਵੀ ਮੰਨਦੇ ਹਨ। ਭਟੱ ਵਹੀ ਤਲਉਂਡਾ, ਪਰਗਨਾ ਜੀਂਦ ਵਿਚ ਇਸੇ ਤੱਥ ਦੇ ਸੰਕੇਤ ਮਿਲਦੇ ਹਨ। ਇਸ ਤਰ੍ਹਾਂ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੋਵੇਂ ਸੱਕੇ ਭਰਾ ਸਨ। ਦੁੱਖ ਦੀ ਗੱਲ ਹੈ ਕਿ ਇਤਿਹਾਸਕਾਰਾਂ ਦੁਆਰਾ ਉਣੀਆਂ ਖੋਜਾਂ ਕਾਰਨ ਇਨ੍ਹਾਂ ਮਹਾਪੁਰਸ਼ਾਂ ਦੇ ਪਿਤਾ ਦੇ ਨਾਮ ਦੇ ਭੁਲੇਖੇ ਬਣੇ ਹੋਏ ਹਨ।

ਕਸ਼ਮੀਰੀ ਪੰਡਤਾਂ ਦੇ ਟੋਲੇ ਦੀ ਅਨੰਦਪੁਰ ਸਾਹਿਬ ਤੋਂ ਰਵਾਨਗੀ ਤੋਂ ਬਾਅਦ, ਗੁਰੂ ਤੇਗ਼ ਬਹਾਦੁਰ ਜੀ ਨੇ ਤਿੰਨ ਸਾਥੀਆਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਇਆਲਾ ਜੀ ( ਭਾਈ ਦਇਆਲ ਦਾਸ ਜੀ) ਨੂੰ ਨਾਲ ਲੈ ਕੇ ਦਿੱਲੀ ਵਾਸਤੇ ਚਾਲੇ ਪਾਏ। ਸਿੱਖ ਇਤਿਹਾਸਕਾਰ ਮਰਹੂਮ ਡਾਕਟਰ ਸੰਗਤ ਸਿੰਘ ਜੀ ਅਨੁਸਾਰ, 12 ਜੁਲਾਈ ਸੰਨ 1675ਈ(ਸੰਮਤ 1732ਬਿ: ਨੂੰ ਰੋਪੜ ਦੇ ਕੋਤਵਾਲ, ਨੂਰ ਮੁਹੰਮਦ ਖ਼ਾਨ ਮਿਰਜ਼ਾ ਨੇ ਗੁਰੂ ਕਾਫ਼ਲੇ ਨੂੰ ਮਲਿਕਪੁਰ ਰੰਗੜਾਂ, ਪਰਗਨਾ ਘਨੌਲਾ ਵਿਖੇ ਹਿਰਾਸਤ ਵਿਚ ਲੈ ਕੇ, ਗੁਰੂ ਤੇਗ਼ ਬਹਾਦੁਰ ਜੀ ਨੂੰ ਸਰਹਿੰਦ ਭੇਜ ਦਿੱਤਾ( ਜਿੱਥੇ ਸੈਫੂਦੀਨ ਸਰਹਿੰਦੀ ਨੂੰ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਹਰ ਹੀਲੇ ਇਸਲਾਮ ਕਬੂਲ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਸੈਫੂਦੀਨ ਸਰਹਿੰਦੀ ਇੱਕ ਕੱਟੜ ਸੁੰਨੀ ਮੋਮਿਨ ਧਾਰਮਿਕ ਲੀਡਰ ਸੀ। ਤਿੰਨ ਮਹੀਨਿਆਂ ਦੇ ਸਮੇਂ ਵਿਚ ਉਸ ਦਾ ਕੋਈ ਲਾਲਚ, ਜ਼ੁਲਮ, ਡਰਾਵਿਆਂ ਦੇ ਹੱਥਕੰਡੇ ਦੀ ਕਾਰਗੁਜ਼ਾਰੀ, ਗੁਰੂ ਤੇਗ਼ ਬਹਾਦੁਰ ਜੀ ਦਾ ਫ਼ੈਸਲਾ ਨਾ ਬਦਲ ਸਕਿਆ) ਕਾਫਲੇ ਦੇ ਰਹਿੰਦੇ ਤਿੰਨ ਸਾਥੀਆਂ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਇਆਲਾ ਜੀ ਨੂੰ ਬੱਸੀ ਪਠਾਣਾ ਭੇਜਿਆ ਗਿਆ। ਇਨ੍ਹਾਂ ਦੋਹਾਂ ਥਾਵਾਂ ਤੇ ਵੱਖ ਵੱਖ ਸਰਕਾਰੀ ਅਹਿਲਕਾਰਾਂ ਦਾ ਕੰਮ ਗੁਰੂ ਕਾਫਲੇ ਨੂੰ ਇਸਲਾਮ ਵਿਚ ਲਿਆਣ ਦੀ ਹਰ

ਮੁਮਕਿਨ ਕੋਸ਼ਿਸ਼ ਕਰਨੀ ਸੀ। ਦੋਵੇਂ ਥਾਵਾਂ ਤੇ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਦੀ ਤਸੀਹਿਆਂ ਭਰੀ ਸਰਕਾਰੀ ਕਾਰਗੁਜ਼ਾਰੀ ਵਿਚ( ਜੋ ਜ਼ੁਲਮ/ਸਿਤਮ ਔਰੰਗਜ਼ੇਬ ਸਰਕਾਰ ਦੇ, ਖ਼ੂਨ ਦੇ ਪਿਆਸੇ ਅਹਿਲਕਾਰਾਂ ਨੇ ਨਿਦੋਸ਼ੇ ਸਿੱਖਾਂ ਨੂੰ ਇਸਲਾਮ ਕਬੂਲ ਕਰਵਾਉਣ ਦੀ ਕਾਰਕੁਜ਼ਾਰੀ ਦੇ ਦੌਰਾਨ ਢਾਏ, ਮੁਸਲਮਾਨ ਇਤਿਹਾਸਕਾਰਾਂ ਦਾ ਉਸ ਬਾਰੇ ਹਕੂਮਤ ਦੇ ਡਰ ਕਾਰਨ ਚੁੱਪ ਰਹਿਣਾ ਤਾਂ ਸਮਝ ਆਉਂਦਾ ਹੈ ਪਰ ਗ਼ੈਰ ਮੁਸਲਿਮ ਇਤਿਹਾਸਕਾਰਾਂ ਦੀ ਇਸ ਬਾਰੇ ਚੁੱਪੀ ਸਾਧਣੀ ਸਮਝ ਤੋਂ ਬਾਹਰ ਹੈ। ਜਿਹੜਾ ਜ਼ਾਲਿਮ ਬਾਦਸ਼ਾਹ ਆਪਣੇ ਬਿਮਾਰ ਪਿਤਾ ਨੂੰ ਕੈਦ ਕਰ ਕੇ ਉਸ ਨਾਲ ਕੈਦ ਖ਼ਾਨੇ ਵਿਚ ਦੁਰ-ਵਿਵਹਾਰ ਕਰ ਸਕਦਾ ਹੈ, ਉਸ ਦੇ ਸਰਕਾਰੀ ਅਹਿਲਕਾਰਾਂ ਨੇ ਬਾਦਸ਼ਾਹ ਦੇ ਆਦੇਸ਼ ਤੇ ਤਿੰਨ ਮਹੀਨਿਆਂ ਦੇ ਸਮੇਂ ਵਿਚ ਗੁਰੂ ਕਾਫ਼ਲੇ ਨੂੰ ਕੀ ਕੀ ਕਸ਼ਟ ਦਿੱਤੇ ਹੋਣਗੇ, ਇਸ ਦਾ ਅੰਦਾਜ਼ਾ ਲਗਾਉਣ ਵੀ ਮੁਸ਼ਕਿਲ ਹੈ। ) ਅਹਿਲਕਾਰਾਂ ਨੂੰ ਕਾਰਗੁਜ਼ਾਰੀ ਵਿਚ ਮਿਲੀ ਅਸਫਲਤਾ ਤੋਂ ਬਾਅਦ, ਗੁਰੂ ਕਾਫਲੇ ਨੂੰ, ਇਕ ਸਥਾਨ ਤੇ ਇਕੱਤਰ ਕਰਨ ਤੋਂ ਬਾਅਦ, ਫੋਜੀ ਦਸਤੇ ਦੀ ਹਿਫਾਜ਼ਤ ਵਿਚ ਆਗਰਾ ਰਾਹੀਂ ਦਿੱਲੀ ਰਵਾਨਾ ਕੀਤਾ ਗਿਆ। ਆਗਰਾ ਵਿਖੇ ਗੁਰੂ ਕਾਫਲੇ ਨੂੰ ਸਿਕੰਦਰਾ ਇਲਾਕੇ ਦੇ ਪਿੰਡ ਕਕਰੇਟਾ ( ਜਿੱਥੇ ਗੁਰੂ ਕਾਫਲੇ ਨੂੰ ਠਹਿਰਾਇਆ ਗਿਆ ਸੀ, ਅੱਜਕਲ੍ਹ 'ਗੁਰੂ ਕਾ ਤਾਲ' ਗੁਰਦਵਾਰਾ ਸੁਭਾਇਮਾਨ ਹੈ) ਵਿਖੇ ਨੌਂ ਦਿਨ ਰੱਖ ਕੇ, ਸਰਕਾਰੀ ਰਖਿਆ ਵਿਚ, ਇੱਕ ਵਾਰ ਫਿਰ ਦਿੱਲੀ ਲਈ ਰਵਾਨਾ ਕੀਤਾ ਗਿਆ।

ਗੁਰੂ ਕਾਫਲਾ ਆਗਰਾ ਤੋਂ ਦਿੱਲੀ ਪੁਜਣ ਸਮੇਂ, ਔਰੰਗਜ਼ੇਬ ਖੁੱਦ ਦਿੱਲੀ ਵਿਚ ਨਹੀਂ ਸੀ। ਉਹ ਹਸਨ ਅਬਦਾਲ ਵਿਖੇ, ਪਠਾਣਾਂ ਦੀ ਬਗ਼ਾਵਤ ਨੂੰ ਨਜਿੱਠ ਰਿਹਾ ਸੀ। ਔਰੰਗਜ਼ੇਬ ਦੀ ਨੀਤੀ ਅਤੇ ਹਿਦਾਇਤਾਂ ਅਨੁਸਾਰ, ਦਿੱਲੀ ਦੀ ਕਚਿਹਰੀ ਵਿਖੇ, ਗੁਰੂ ਕਾਫਲੇ ਨੂੰ ਇਕ ਵਾਰ ਫਿਰ ਤੋਂ ਇਸਲਾਮ ਕਬੂਲ ਕਰਨ ਦੀ ਦੁਹਾਈ ਪਾਈ ਗਈ। ਔਰੰਗਜ਼ੇਬ, ਬਾਬਾ ਰਾਮ ਰਾਏ ਜੀ ਪਾਸੋਂ ਕਰਾਮਾਤਾਂ ਦਾ ਚਮਤਕਾਰ ਦੇਖ ਚੁਕਿਆ ਸੀ। ਗੁਰੂ ਤੇਗ ਬਹਾਦੁਰ ਸਾਹਿਬ ਪਾਸੋਂ ਵੱਡੀਆਂ ਕਰਾਮਾਤਾਂ ਦੇਖਣ ਦਾ ਇੱਛੁਕ ਸੀ। ਇਸ ਲਈ ਗੁਰੂ ਤੇਗ਼ ਬਹਾਦੁਰ ਜੀ ਨੂੰ ਵੀ ਕਰਾਮਾਤਾਂ ਦਿਖਾਉਣ ਅਤੇ ਧਰਮ ਬਦਲਣ ਦੀ ਦੁਹਾਈ ਪਾਈ ਗਈ। ਗੁਰੂ ਤੇਗ ਬਹਾਦੁਰ ਜੀ ਨੇ ਕਾਜ਼ੀ ਨੂੰ ਸਮਝਾਉਂਦਿਆਂ ਫਰਮਾਇਆ ਕਿ ''ਐ ਕਾਜ਼ੀ ਤੈਨੂੰ ਤਾਂ ਧਰਮ ਦਾ ਗਿਆਨ ਹੈ। ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਰਾਮਾਤਾਂ ਦਿਖਾਣਾ ਕੇਵਲ ਅਕਾਲਪੁਰੱਖ/ਪ੍ਰਮਾਤਮਾ ਦੀ ਵਡਿਆਈ ਹੈ। ਕਿਸੇ ਹੋਰ ਦੁਆਰਾ ਕਰਾਮਾਤਾਂ ਦਿਖਾਣਾ, ਹੰਕਾਰ ਦਾ ਪ੍ਰਗਟਾਵਾ ਕਰਨਾ ਅਤੇ ਅਕਾਲਪੁਰੱਖ/ਪ੍ਰਮਾਤਮਾ/ਖੁਦਾ ਦੀ ਬਰਾਬਰੀ ਕਰਨ ਦੇ ਤੁਲ ਹੁੰਦਾ ਹੈ। ਹੰਕਾਰ ਇਨਸਾਨ ਦੀਆਂ ਅਕਾਲਪੁਰੱਖ( ਪਰਮਾਤਮਾਂ) ਤੋਂ ਦੂਰੀਆਂ ਵਧਾਉਂਦਾ ਹੈ। ਸਿੱਖ ਦਾ ਧਰਮ ਅਤੇ ਫ਼ਰਜ਼ ਹੈ ਕਿ ਉਹ ਅਕਾਲਪੁਰੱਖ ਦਾ ਭਾਣਾ ਮੰਨਦਿਆਂ, ਉਸ ਦੇ ਹੁਕਮ ਵਿਚ ਜੀਵਨ ਬਸਰ ਕਰੇ''। ਤੇਰੀ ਦੂਜ਼ੀ ਸ਼ਰਤ ਧਰਮ ਬਦਲਣ ਬਾਰੇ ਮੈਂ ਪਹਿਲਾਂ ਵੀ ਕਹਿ ਚੁਕਿਆ ਹਾਂ ਤੇ ਹੁਣ ਫਿਰ ਦਹੁਰਾਉਂਦਾ ਹਾਂ ਕਿ ''ਮਨੁੱਖਾ ਜਨਮ ਅਕਾਲਪੁਰੱਖ/ਪ੍ਰਭੂ/ਖ਼ੁਦਾ ਦੀ ਹਰ ਇਨਸਾਨ ਨੂੰ ਅਣਮੁੱਲੀ ਦੇਣ ਹੈ। ਹਰ ਧਰਮ ਦਾ ਆਧਾਰ, ਪਰਮਾਤਮਾਂ ਵੱਲੋਂ ਜਨਮ ਵੇਲੇ ਮਿਲਣ ਵਾਲੇ ਧਰਮ ਨਾਮ ਜੁੜੀਆਂ ਮਨੁੱਖੀ ਭਾਵਨਾਵਾਂ ਕਾਰਨ ਹੁੰਦਾ ਹੈ। ਕੋਈ ਵਲੀ ਜਾਂ ਪੈਗੰਬਰ ਵੀ ਆਪਣੀ ਮਰਜ਼ੀ ਨਾਲ ਆਪਣਾ ਜਨਮ ਧਰਮ ਅਤੇ ਮਾਤਾ-ਪਿਤਾ ਨਹੀਂ ਚੁਣ ਸਕਿਆ। ਜੀਣ ਦੀ ਦੁਬਿਧਾ ਵਿਚ ਅਕਾਲ ਪੁਰੱਖ/ਪ੍ਰਮਾਤਮਾ/ਰੱਬ ਵੱਲੋਂ ਜਨਮ ਵੇਲੇ ਮਿਲੇ ਧਰਮ ਨੂੰ ਤਿਆਗਣ ਵਾਲੇ ਬੁਜ਼ਦਿਲ ਅਖਵਾਂਉਂਦੇ ਹਨ। ਅਜਿਹੇ ਆਦਮੀ ਇਜ਼ੱਤ ਦੀ ਮੌਤ ਨਹੀਂ ਮਰਦੇ। ਦੌਲਤ, ਔਰਤ, ਲਾਲਚ ਜਾਂ ਮੌਤ ਦੇ ਡਰ ਅਧੀਨ ਕੋਈ ਹੋਰ ਧਰਮ ਪਰਵਾਨ ਕਰਨਾ ਗੁਨਾਹ ਹੁੰਦਾ ਹੈ। ਜੋ ਧਰਮ ਖ਼ੁਦਾ/ਪਰਮਾਤਮਾ/ਅਕਾਲਪੁਰੱਖ ਦੀ ਖ਼ਲਕਤ ਵਿਚ ਪੱਖਪਾਤ, ਜ਼ੁਲਮ, ਨਫ਼ਰਤ ਅਤੇ ਅਨਿਆਂ ਦੀ ਭਾਵਨਾ ਪੈਦਾ ਕਰੇ , ਉਹ ਧਰਮ ਮੈਨੂੰ ਹਰਗਿਜ਼ ਮਨਜ਼ੂਰ ਨਹੀਂ।'' ਧਾਰਮਿਕ ਬੰਦਾ ਹੋਣ ਕਾਰਨ ਤੂੰ ਇਹ ਤਾਂ ਜਾਣਦਾ ਹੀ ਹੋਏਗਾ ਕਿ ਰੱਬ ਤਾਂ ਜ਼ਰ੍ਹੇ ਜ਼ਰ੍ਹੇ ਅਤੇ ਖ਼ਲਕਤ ਦਿਆਂ ਦਿਲਾਂ ਵਿਚ ਵਸਦਾ ਹੈ। ਜੇ ਤੂੰ ਪਹਿਲਾਂ ਨਹੀਂ ਸੁਣਿਆ ਤਾਂ ਮੈਂ ਤੈਨੂੰ ਮੁਸਲਿਮ ਸੂਫ਼ੀ ਸੰਤ ਫ਼ਰੀਦ ਜੀ ਦਾ ਸਲੋਕ ਸੁਣਾਂਦਾ ਹਾਂ,

**"ਫ਼ਰੀਦਾ ਖ਼ਾਲਕ ਖ਼ਲਕ ਮਹਿ,**
**ਖ਼ਲਕ ਵਸਹਿ ਰੱਬ ਮਾਹਿ"।**

ਧਰਮ ਪਰਿਵਰਤਨ ਅਤੇ ਕਰਾਮਾਤਾਂ ਦਿਖਾਉਣ ਤੋਂ ਇਨਕਾਰੀ ਹੋਣ ਤੇ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਕਚਿਰੀ ਵਿਚ ਬੰਦ ਕਰ ਦਿੱਤਾ ਗਿਆ। ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਇਆਲਾ ਜੀ ਨੂੰ, ਕਰਾਮਾਤਾਂ ਦਿਖਾਉਣ ਅਤੇ ਗੁਰੂ ਜੀ ਦਾ ਸਾਥ ਛਡ ਕੇ ਸਰਕਾਰੀ ਤੋਹਫੇ ਲੈ ਕੇ ਆਰਾਮ ਦੀ ਜ਼ਿੰਦਗੀ ਜੀਣ ਲਈ ਸੁਵਿਧਾਵਾਂ ਦੇ ਅਨੇਕਾਂ ਲਾਲਚ ਭਰੇ ਸਬਜ਼ ਬਾਗ਼ ਦਿਖਾਏ ਜਾਣ ਲੱਗੇ। ਆਪਣਾ ਹਰ ਹੱਥਕੰਡਾ ਨਾਕਾਮ ਹੋਇਆ ਵੇਖ, ਗੁਰੂ ਦਿਆਂ ਸਿੱਖਾਂ ਨੂੰ ਦਹਿਸ਼ਤ ਹੇਠ ਲਿਆਉਣ ਲਈ, ਕਾਜ਼ੀ ਨੇ ਗੁਰੂ ਤੇਗ ਬਹਾਦੁਰ ਜੀ ਨੂੰ ਕਚਿਹਰੀ ਦੇ ਕਮਰੇ ਦੀ ਥਾਂ ਇਕ ਪਿੰਜਰੇ ਵਿਚ ਬੰਦੀ ਬਣਾਉਣ ਦਾ ਹੁਕਮ ਜਾਰੀ ਕਰ ਦਿੱਤਾ। ਸਰਕਾਰੀ ਅਹਿਲਕਾਰਾਂ ਨੇ ਗੁਰੂ ਸਾਹਿਬ ਨੂੰ ਪਿੰਜਰੇ ਵਿਚ ਬੰਦੀ ਬਣਾਉਣ ਮਗਰੋਂ, ਗੁਰੂ ਜੀ ਦੇ ਤਿੰਨਾਂ ਸਾਥੀਆਂ ਨੂੰ ਇਕ ਇਕ ਕਰ ਕੇ ਕਾਜ਼ੀ ਅਬਦੁਲ ਵਾਹਾਬ ਬੋਰਾ ਦੇ

ਸਾਹਮਣੇ ਪੇਸ਼ ਕਰਨਾ ਆਰੰਭ ਕਰ ਦਿੱਤਾ। ਗੁਰੂ ਤੇਗ਼ ਬਹਾਦੁਰ ਜੀ ਨੂੰ ਵੀ ਭੈਭੀਤ ਕਰਨ ਦੇ ਇਰਾਦੇ ਨਾਲ, ਕਾਜ਼ੀ ਅਬਦੁਲ ਵਹਾਬ ਬੋਰਾ ਨੇ ਭਾਈ ਮਤੀ ਦਾਸ ਜੀ ਦੇ ਸਰੀਰ ਨੂੰ ਆਰੇ ਨਾਲ ਦੋ ਫਾੜ ਕਰਨ, ਭਾਈ ਦਇਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ਼ ਵਿਚ ਬਿਠਾ ਕੇ ਤਸੀਹੇ ਦੇਣ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਨ ਦੇ ਇਸ਼ਾਰੇ ਕੀਤੇ।

(ਸਾਰੀਆਂ ਸ਼ਹਾਦਤਾਂ ਇੱਕ ਦਿਨ ਹੋਈਆਂ ਜਾਂ ਵੱਖ ਵੱਖ ਦਿਨ ਇਤਿਹਾਸਕਾਰਾਂ ਦੀਆਂ ਇਸ ਬਾਰੇ ਜੁਦਾ ਜੁਦਾ ਰਾਵਾਂ ਹਨ ) ਸਜ਼ਾ ਵਾਲੇ ਦਿਨ, ਭਾਈ ਸਤੀ ਦਾਸ ਜੀ ਨੂੰ ਕਾਜ਼ੀ ਅਬਦੁਲ ਵਾਹਾਬ ਬੋਰਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਜਾਨ ਬਖ਼ਸ਼ੀ ਲਈ ਇਸਲਾਮ ਕਬੂਲ ਕਰਨ ਅਤੇ ਅਨੇਕਾਂ ਲਾਲਚ ਦੇਣ ਦੀ ਪੇਸ਼ਕਸ਼ ਇਕ ਵਾਰ ਫਿਰ ਦੁਹਰਾਈ ਗਈ। ਭਾਈ ਸਤੀ ਦਾਸ ਜੀ ਨੇ ਕਾਜ਼ੀ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ "ਕਾਜ਼ੀ, ਤੂੰ ਖ਼ੁੱਦ ਨੂੰ ਧਰਮ ਦਾ ਗਿਆਤਾ ਆਖਦਾ ਤਾਂ ਹੈਂ, ਪਰ, ਮੈਨੂੰ ਨਹੀਂ ਲਗਦਾ ਕਿ ਤੈਨੂੰ ਆਪਣੇ ਧਰਮ ਅਤੇ ਧਾਰਮਿਕ ਵਿਦਿਆ ਦਾ ਰਤੀ ਵੀ ਗਿਆਨ ਹੈ। ਜੇ ਤੈਨੂੰ, ਸੱਚਮੁਚ ਧਾਰਮਿਕ ਵਿਦਿਆ ਦਾ ਗਿਆਨ ਹੈ ਤਾਂ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਤੂੰ ਆਪਣੀ ਧਾਰਮਿਕ ਵਿਦਿਆ ਦਾ ਸਹੀ ਇਸਤਿਮਾਲ ਨਹੀਂ ਕਰ ਰਿਹਾ। ਤੇਰੇ ਅਧੂਰੇ ਗਿਆਨ ਦੇ ਭੁਲੇਖੇ ਤੋਂ ਮੈਂ, ਤੈਨੂੰ ਜਾਣੂ ਕਰਵਾ ਦਿੰਦਾ ਹਾਂ। ਐ ਕਾਜ਼ੀ, ਗੁਰਬਾਣੀ ਅਨੁਸਾਰ,

**"ਮਰਣਾ ਮੁਲਾ ਮਰਣਾ॥ਭੀ ਕਰਤਾਰਹੁ ਡਰਣਾ॥**
**ਤਾ ਤੂ ਮੁਲਾ ਤਾਂ ਤੂ ਕਾਜ਼ੀ ਜਾਣਹਿ ਨਾਮੁ ਖੁਦਾਈ॥**
**ਜੇ ਬਹੁਤੇਰਾ ਪੜਿਆ ਹੋਵੈ ਕੋ ਰਹੈ ਨਾ ਭਰੀਐ ਪਾਈ॥**
**ਸੋਈ ਕਾਜ਼ੀ ਜਿਨਿ ਆਪ ਤਜਿਆ ਇਕ ਨਾਮ ਕੀਆ ਆਧਾਰੋ॥**
**ਹੈ ਭੀ ਹੋਸੀ ਜਾਇ ਨਾ ਜਾਸੀ ਸਚਾ ਸਿਰਜਣਹਾਰੋ॥**
**ਪੰਜ ਵਖਤ ਨਿਵਾਜ ਗੁਜਾਰਿਹ ਪੜਹਿ ਕਤੇਬ ਕੁਰਾਣਾ॥**
**ਨਾਨਕ ਆਖੇ ਗੋਰ ਸਦੇਈ ਰਹਿਓ ਪੀਣਾ ਖਾਣਾ॥"**
**ਅੰਗ ੨੪ ਸਿਰੀ ਰਾਗ ਮਹਲਾ ੧ ਸ੍ਰੀ ਗੁ ਗ੍ਰੰ ਸਾ**

ਐ ਮੁਲਾਂ (ਕਾਜ਼ੀ), ਤੂੰ ਐਵੇਂ ਹੀ ਮੈਨੂੰ ਮੌਤ ਦੇ ਨਾਮ ਤੋਂ ਡਰਾਉਣ ਦੀ ਕੋਸ਼ਿਸ਼ ਕਰ ਰਿਹਾ ਏਂ। ਮੌਤ ਦਾ ਡਰ ਤਾਂ ਹਰ ਬੰਦੇ ਦੇ ਸਿਰ ਉਪਰ ਸਦਾ ਹੀ ਬਣਿਆ ਰਹਿੰਦਾ ਹੈ। ਇਸੇ ਲਈ, ਸਿਰਫ ਰੱਬ ਕੋਲੋਂ ਹੀ ਡਰਨਾ ਚਾਹੀਦਾ ਹੈ।( ਅਰਥਾਤ ਰੱਬ ਦੀ ਰਜ਼ਾ ਵਿਚ ਜੀਉਣ ਨਾਲ ਮੌਤ ਦਾ ਡਰ ਜਾਂਦਾ ਰਹਿੰਦਾ ਹੈ।)ਮਜ਼੍ਹਬੀ ਕਿਤਾਬਾਂ ਪੜ੍ਹਨ ਨਾਲ ਭਾਵੇਂ ਬੰਦਾ ਕਾਜ਼ੀ ਬਣ ਸਕਦਾ ਹੋਏ? ਧਰਮ ਦਾ ਗਿਆਤਾ ਨਹੀਂ ਬਣ ਜਾਂਦਾ। ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਵਕਤ ਪੂਰਾ ਹੋ ਜਾਣ ਤੇ ਹਰ ਬੰਦੇ ਨੇ ਇਸ ਜਗ ਤੋਂ ਤੁਰ ਜਾਣਾ ਹੀ ਹੁੰਦਾ ਹੈ। ( ਭਾਵ ਤੂੰ ਅਤੇ ਮੈਂ ਦੋਵੇਂ ਅਕਾਲਪੁਰੱਖ ਦੁਆਰਾ ਮਿੱਥੇ ਆਪਣੇ ਆਪਣੇ ਵਕਤ ਇਸ ਜਗ ਤੋਂ ਜਾਣ ਦੇ ਪਾਬੰਦ ਹਾਂ। ) ਬੇਸ਼ਕ ਤੂੰ ਪੰਜੇ ਵਕਤ ਨਿਮਾਜ਼ਾਂ ਪੜ੍ਹਦਾ ਹੋਏਂਗਾ? ਫਿਰ ਵੀ ਲਾਲਚ ਵਸ਼ ਗ਼ਲਤ ਕੰਮ ਕਰ ਰਿਹਾ ਏਂ। ਅਲਹ ਦੀ ਦਰਗਾਹ ਵਿੱਚ, ਕੇਵਲ ਲਾਲਚ ਅਤੇ ਵਿਕਾਰ ਰਹਿਤ ਮਨ ਦੀ ਨਿਮਾਜ਼ ਹੀ ਕਬੂਲ ਹੁੰਦੀ ਹੈ। ਜਦੋਂ ਮੌਤ ਦਾ ਸੱਦਾ ਆਉਂਦਾ ਹੈ ਤਾਂ ਇਕੱਤਰ ਕੀਤਾ ਦਾਣਾ-ਪਾਣੀ, ਧੰਨ ਦੌਲਤ ਸਭ ਇੱਥੇ ਹੀ ਰਹਿ ਜਾਣਾ ਹੁੰਦਾ ਹੈ।

ਕਾਜ਼ੀ ਬੋਰਾ ਨੂੰ ਭਾਈ ਸਤੀ ਦਾਸ ਜੀ ਦੇ ਸੁਝਾ ਤੇ ਬਹੁਤ ਗ਼ੁੱਸਾ ਆਇਆ। ਉਹ ਕੜਕਦਾ ਹੋਇਆ ਬੋਲਿਆ, ਮੈਂ ਤੈਨੂੰ ਆਖ਼ਰੀ ਵਾਰ ਕਹਿੰਦਾ ਹਾਂ ਕਿ ਇਸਲਾਮ ਕਬੂਲ ਕਰ ਲੈ ਅਤੇ ਮਰਨ ਤੋਂ ਬਚ ਜਾ। ਭਾਈ ਸਤੀ ਦਾਸ ਜੀ ਨੇ ਕਾਜ਼ੀ ਨੂੰ ਗੁਰਬਾਣੀ ਦੇ ਇੱਕ ਹੋਰ ਮਹਾਵਾਕ,

**"ਕਿਰਤ ਪਿਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨਾ ਹੋਈ॥**
**ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ॥"**
**ਆਸਾ ਮਹਲਾ ੧ ਅੰਗ ੩੫੯ਸ੍ਰੀ ਗੁ ਗ੍ਰੰ ਸਾ**

ਦਾ ਹਵਾਲਾ ਦਿੰਦਿਆਂ ਕਿਹਾ ਕਿ "ਐ ਕਾਜ਼ੀ ਤੂੰ ਅਤੇ ਤੇਰਾ ਬਾਦਸ਼ਾਹ ਜੋ ਕਰ ਰਹੇ ਹੋ, ਇਸ ਵਿਚ ਨਾ ਤਾਂ ਤੁਹਾਡੀ ਕੋਈ ਸਿਆਣਪ ਹੈ ਤੇ ਨਾ ਹੀ ਤੁਹਾਡੇ ਵੱਸ ਦੀ ਗੱਲ। ਅਕਾਲਪੁਰੱਖ/ਪ੍ਰਮਾਤਮਾ ਬੰਦੇ ਤੋਂ ਜੋ ਕਰਵਾਉਂਦਾ ਹੈ, ਬੰਦਾ ਹਰ ਹਾਲਤ ਉਹੀ ਕਰਨ ਨੂੰ ਮਜਬੂਰ ਹੁੰਦਾ ਹੈ। ਤੂੰ ਆਪਣੇ ਆਕਾ ਕੇ ਹੁਕਮ ਵਿਚ ਆਪਣਾ ਅਸਲੀ ਕੰਮ ਭੁੱਲ ਕੇ ਜ਼ੁਲਮ ਕਮਾਉਣ ਵਿਚ ਰੁਝਿਆ ਹੋਇਆ ਏਂ। ਮੈਂ ਵੀ ਜੋ ਕਰ ਰਿਹਾ ਹਾਂ, ਉਹ ਆਪਣੇ ਆਕਾ( ਅਕਾਲਪੁਰੱਖ) ਦੇ ਹੁਕਮ( ਰਜ਼ਾ) ਵਿਚ ਹੀ ਕਰ ਰਿਹਾ ਹਾਂ। ਮੈਂ ਜੋ ਕਰ ਰਿਹਾ ਹਾਂ ਉਹ ਆਪਣਾ ਅੱਗਾ ਸੰਵਾਰਨ ਵਾਸਤੇ ਕਰ ਰਿਹਾ ਹਾਂ ਅਤੇ ਜੋ ਤੂੰ ਕਰ ਰਿਹਾ ਏਂ ਉਸ ਨਾਲ ਆਪਣੇ ਸਿਰ ਤੇ ਪਾਪਾਂ ਦਾ ਭਾਰ ਵਧਾ ਰਿਹਾ ਹੈਂ।"

ਹੁਣ ਮੁਕਦੀ ਗੱਲ, ਵੀ ਸੁਣ ਲੈ। ਤੇਰਾ ਕੋਈ ਲਾਲਚ ਮੈਨੂੰ ਅਪਣੇ ਅਕੀਦੇ ਤੋਂ ਡੁਲਾ ਨਹੀਂ ਸਕਦਾ।

ਭਾਈ ਸਤੀ ਦਾਸ ਜੀ ਦੁਆਰਾ ਇਸਲਾਮ ਕਬੂਲ ਕਰਨ ਤੋਂ ਇਨਕਾਰੀ ਹੋਣ ਤੇ, ਕਾਜ਼ੀ ਅਬਦੁਲ ਵਹਾਬ ਬੋਰਾ ਨੇ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਨ ਦਾ ਡਰਾਵਾ ਦਿੱਤਾ। ਕਾਜ਼ੀ ਦਾ ਇਹ ਵਾਰ ਵੀ ਖ਼ਾਲੀ ਗਿਆ। ਕਤਲਗਾਹ ਵਿਚ ਜਮ੍ਹਾ ਭੀੜ ਨੇ ਦੇਖਿਆ ਕਿ ਗੁਰੂ ਦਾ ਸਿੱਖ ਆਪਣੇ ਅਕੀਦੇ ਤੇ ਦ੍ਰਿੜ ਖਲੋਤਾ ਰਿਹਾ। ਭਾਈ ਸਤੀ ਦਾਸ ਜੀ ਦੇ ਚੇਹਰੇ ਤੇ ਮੌਤ ਦੇ ਡਰ ਦਾ ਨਿਸ਼ਾਨ ਤਕ ਨਹੀਂ ਉਭਰਿਆ। ਕਾਜ਼ੀ ਖ਼ੁੱਦ ਨੂੰ ਇਸ ਧਾਰਮਿਕ ਬਹਿਸ ਵਿਚ ਹਾਰਿਆਂ ਤਸਲੀਮ ਕਰ ਰਿਹਾ ਸੀ। ਆਪਣਾ ਹਰ ਵਾਰ ਖਾਲੀ ਗਿਆ ਵੇਖ ਉਸ ਨੇ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਇਕ ਥੰਮ ਨਾਲ ਬੰਨਣ ਦਾ ਹੁਕਮ ਜਾਰੀ ਕੀਤਾ। ਭਾਈ ਸਤੀ ਦਾਸ ਜੀ ਨੇ ਕਾਜ਼ੀ ਨੂੰ ਤਨਜ਼ ਆਵਾਜ਼

ਵਿਚ ਕਿਹਾ ਕਿ "ਐ ਕਾਜ਼ੀ, ਮੈਨੂੰ ਬਨ੍ਹਣ ਦੀ ਲੋੜ ਨਹੀਂ ਪੈਣੀ। ਤੂੰ ਵੇਖ ਹੀ ਚੁੱਕਾ ਹੈਂ ਕਿ ਮੇਰੇ ਤੋਂ ਪਹਿਲੇ ਗੁਰੂ ਦੇ ਲਾਲ ਨੇ ਤੇਰੇ ਜ਼ੁਲਮਾਂ ਨੂੰ ਕਿਸ ਨਿਡਰਤਾ ਅਤੇ ਬਹਾਦਰੀ ਨਾਲ ਸਹਾਰਦਿਆਂ ਸ਼ਹਾਦਤ ਅੰਜਾਮ ਦਿੱਤੀ ਹੈ। ਮੈਂ ਵੀ ਉਸੇ ਗੁਰੂ ਦਾ ਸੇਵਕ ਹਾਂ, ਤੇਰਾ ਕੋਈ ਜ਼ੁਲਮ ਮੇਰਾ ਮਨ ਨਹੀਂ ਡੁਲਾ ਸਕੇਗਾ, ਸ਼ਾਇਦ ਤੂੰ ਨਹੀਂ ਜਾਣਦਾ ਕਿ ਸੱਚ ਦੇ ਰਾਹ ਦੀ ਰਾਖੀ ਕਰਨ ਵਾਲਾ, ਕਦੇ ਮੌਤ ਤੋਂ ਡਰ ਕੇ ਨਹੀਂ ਦੌੜਦਾ।"

ਭਾਈ ਸਤੀ ਦਾਸ ਜੀ ਦੀ ਵੀ ਆਪਣੇ ਪਹਿਲੇ ਸਾਥੀ ਵਾਂਗ ਆਪਣੇ ਗੁਰੂ ਵੱਲ ਮੂੰਹ ਕਰ ਕੇ ਸੜਨ ਦੀ ਆਖ਼ਰੀ ਇੱਛਾ ਪ੍ਰਗਟ ਕੀਤੀ। ਭਾਈ ਸਤੀ ਦਾਸ ਜੀ ਦੇ ਸਰੀਰ ਤੇ ਤੇਲ ਛਿੜਕ ਕੇ ਭਾਈ ਸਤੀ ਦਾਸ ਜੀ ਦੇ ਸਰੀਰ ਨੂੰ ਅੱਗ ਲਗਾ ਦਿੱਤੀ ਗਈ। ਲੋਕਾਂ ਦੀ ਭੀੜ ਨੇ ਵੇਖਿਆ ਕਿਵੇਂ ਭਾਈ ਸਤੀ ਦਾਸ ਜੀ ਵੀ ਸ਼ਾਂਤ ਚਿਤ ਆਪਣੇ ਇਸ਼ਟ ਵੱਲ ਮੂੰਹ ਕਰਕੇ, ਪਾਵਨ ਜਪੁ ਬਾਣੀ ਦਾ ਉਚਾਰਨ ਕਰਨ ਵਿਚ ਮਗਨ ਜ਼ੁਲਮ ਸਹਾਰਦੇ ਰਹੇ। ਦਰਸ਼ਕਾਂ ਦੀ ਭੀੜ ਸਮੇਤ ਜੱਲਾਦਾਂ ਦੇ ਰੌਂਗਟੇ ਖੜੇ ਹੋ ਗਏ ਸਨ। ਲੋਕਾਂ ਨੇ ਹੈਰਾਨੀ ਨਾਲ ਦੇਖਿਆ ਕਿ ਕਿਵੇਂ ਗੁਰੂ ਦੇ ਇਕ ਹੋਰ ਸਿੱਖ ਨੇ ਜੀਉਂਦਿਆਂ ਸੜਦਿਆਂ ਵੀ ਚੇਹਰੇ ਤੇ ਕਿਸੇ ਕਿਸਮ ਦਾ ਡਰ ਜਾਂ ਸ਼ਿਕਨ ਨਹੀਂ ਆਉਣ ਦਿੱਤੀ। ਅੱਗ ਨੇ ਤਾਂ ਆਪਣਾ ਕੰਮ ਕਰਨਾ ਹੀ ਸੀ। ਦੇਖਦੇ ਹੀ ਦੇਖਦੇ, ਅੱਗ ਦੇ ਭਾਂਬੜ ਨੇ ਭਾਈ ਸਤੀ ਦਾਸ ਜੀ ਦੇ ਸਰੀਰ ਨੂੰ ਮੁਠੀ ਭਰ ਸੁਆਹ ਵਿਚ ਤਬਦੀਲ ਕਰ ਦਿੱਤਾ। ਕਾਜ਼ੀ, ਅਹਿਲਕਾਰਾਂ ਅਤੇ ਦਰਸ਼ਕਾਂ ਨੇ ਜਿਸ ਨੂੰ ਮੌਤ ਦਾ ਨਾਮ ਦਿੱਤਾ, ਦਰਅਸਲ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਮਹਾਵਾਕ ,

**" ਹੁਕਮੇ ਕਾਰ ਕਰਾਇਦਾ ਦੂਜਾ ਕਿਸ ਕਹੀਐ ਭਾਈ॥**
**ਬੁਝਣਾ ਅਬੁਝਣਾ ਤੁਧੁ ਕੀਤਾ ਇਹ ਤੇਰੀ ਸਿਰਿ ਕਾਰ॥**
**ਇਕਨਾ ਬਖਸਿਹਿ ਮੇਲਿ ਲੈਹਿ**
**ਇਕਿ ਦਰਗਹ ਮਾਰਿ ਕਢੇ ਕੜਿਆਰ॥"**

**ਆਸਾ ਮਹਲਾ ਤੀਜਾ: ਅੰਗ ੪੨੭ਸਰੀ ਗੁ ਗ੍ਰ ਸਾ**

ਅਨੁਸਾਰ, ਸਿੱਖ ਕੌਮ ਦੇ ਇਕ ਹੋਰ ਅਮਰ ਸ਼ਹੀਦ ਦਾ ਸਦੀਵ ਕਾਲ ਲਈ ਆਪਣੇ ਇਸ਼ਟ ਨਾਲ ਮਿਲਾਪ ਦਾ ਰਾਹ ਸੀ। ਇਸਲਾਮ ਨਾ ਕਬੂਲ ਕਰਨ ਦੇ ਅਕੀਦੇ ਉੱਤੇ ਅਟਲ ਰਹਿ ਕੇ ਗੁਰੂ ਦੇ ਸਿੱਖ ਦੀ ਸ਼ਾਂਤੀ ਪੂਰਵਕ ਕੀਤੀ ਇਕ ਹੋਰ ਲਾਸਾਨੀ ਸ਼ਹਾਦਤ ਸੀ।

11 ਨਵੰਬਰ, ਸੰਨ 1675ਈ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਖੇ, ਗੁਰੂ ਤੇਗ਼ ਬਹਾਦੁਰ ਜੀ ਅਤੇ ਗੁਰੂ ਦੇ ਤਿੰਨ ਸਿੱਖਾਂ ਨੇ ਇੱਕ ਕਮਜ਼ੋਰ ਦਿਆਂ ਹੱਕਾਂ ਦੀ ਰਾਖੀ ਲਈ, ਤਾਕਤਵਰ ਦੇ ਸਾਹਮਣੇ, ਕਮਜ਼ੋਰ ਦੇ ਨਾਲ ਖੜੇ ਹੋ ਕੇ ਚਿੱਟੇ ਦਿਨ ਸ਼ਹਾਦਤਾਂ ਦਿੱਤੀਆਂ। ਇਹ ਸਮਾਜਿਕ ਕ੍ਰਾਂਤੀ ਸੀ ਜੋ ਸਮੇਂ ਦੇ ਹਾਕਮਾਂ ਦੀ ਨਜ਼ਰ ਵਿਚ ਰੜਕਣੀ ਹੀ ਸੀ। ਗੁਰੂ ਗੋਬਿੰਦ ਸਿੰਘ ਜੀ ਦਿਆਂ ਸ਼ਬਦਾਂ ਵਿਚ,

**"ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰ ਸਿਰਰੁ ਨ ਦੀਆ॥**

ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹਾਦਤ ਕਿਸੇ ਵਿਸ਼ੇਸ਼ ਧਰਮ ਦੇ ਖ਼ਿਲਾਫ ਨ ਹੋ ਕੇ ਕਮਜ਼ੋਰ ਦਿਆਂ ਹੱਕਾਂ ਦੀ ਰਾਖੀ ਲਈ ਰਾਜਸੀ ਅਤੇ ਧਾਰਮਿਕ ਧੱਕੇਸ਼ਾਹੀ ਅਤੇ ਕੱਟੜਵਾਦ ਦੀਆਂ, ਦਮਨ ਕਰਨ ਵਾਲੀਆਂ ਤਾਕਤਾਂ ਦਾ ਵਿਰੋਧ ਕਰਦਿਆਂ ਮਾਨਵੀ ਅਧਿਕਾਰਾਂ ਬਾਰੇ ਜਾਗ੍ਰਿਤੀ ਲਿਆਉਣੀ ਸੀ। ਸਾਰੀ ਦੁਨੀਆ ਜਿਨ੍ਹਾਂ ਮਾਨਵੀ ਅਧਿਕਾਰਾਂ ਦੀ ਅੱਜ ਗੱਲ ਕਰਦੀ ਹੈ, ਗੁਰੂ ਤੇਗ਼ ਬਹਾਦੁਰ ਜੀ ਦੇ ਦਾਦਾ ਜੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਨਾਲ ਉਨ੍ਹਾਂ ਅਧਿਕਾਰਾਂ ਦੀ ਨੀਂਹ ਰੱਖੀ ਸੀ। ਧਾਰਮਿਕ ਅਧਿਕਾਰਾਂ ਦੇ ਜਿਸ ਬੂਟੇ ਦਾ ਸ੍ਰੀ ਗੁਰੂ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਨਾਲ ਬੀਜ ਬੋਇਆ, ਉਸ ਬੂਟੇ ਨੂੰ ਗੁਰੂ ਤੇਗ਼ ਬਹਾਦੁਰ ਜੀ ਅਤੇ ਸਿੱਖਾਂ ਨੇ ਆਪਣੀ ਸ਼ਹਾਦਤ ਦੇ ਖ਼ੂਨ ਨਾਲ ਸਿੰਜ ਕੇ ਜੀਵਨ ਦਾਨ ਦਿੱਤਾ। ਜਿਸ ਧਰਮ ਰੀਤੀ-ਰਿਵਾਜ ਵਿਚ ਉਹ ਆਪ ਵਿਸ਼ਵਾਸ ਨਹੀਂ ਰਖਦੇ ਸੀ, ਉਸ ਧਰਮ ਰੂਪੀ ਬੂਟੇ ਨੂੰ ਸਿੰਜਣ ਤੇ ਜੀਵਤ ਰਖਣ ਦਾ ਨਿਰਣਾ ਲਿਆ। ਉਹ ਵੀ ਨਿੱਜੀ ਸ਼ਹਾਦਤ ਦੇ ਕੇ। ਇੰਝ ਕਰਨ ਲਗਿਆਂ ਫਰਿਆਦੀ ਟੋਲੇ ਕੋਲੋਂ ਉਨ੍ਹਾਂ ਦੇ ਖ਼ੂਨ ਦੀ ਨਾ ਮੰਗ ਹੀ ਕੀਤੀ ਨਾ ਹੋਰ ਕੋਈ ਸਵਾਲ ਹੀ ਪਾਇਆ, ਜੋ ਫਰਿਆਦੀ ਟੋਲੇ ਅਤੇ ਉਸ ਦੇ ਸਨਾਤਨੀ ਵਿਚਾਰਧਾਰਾ ਵਾਲੇ ਮੁਖੀ ਦਾ ਮਨੋਬਲ ਤੋੜਦਾ ਜਾਂ ਉਸ ਲਈ ਕੋਈ ਦੁਬਿਧਾ ਜਾਂ ਧਰਮ ਸੰਕਟ ਉਤਪੰਨ ਕਰਦਾ।

ਅਫਸੋਸ ਤਾਂ ਹੁੰਦਾ ਹੈ ਜਦੋਂ ਅਸੀਂ ਵੇਖਦੇ ਹਾ ਕਿ, ਸਰਬੱਤ ਦਾ ਭਲਾ ਮੰਗਣ ਵਾਲੇ ਧਰਮ ਦੇ ਆਗੂ ਗੁਰੂ ਤੇਗ਼ ਬਹਾਦੁਰ ਜੀ ਅਤੇ ਤਿੰਨ ਅਨਿੰਨ ਸਿੱਖਾਂ ਦੁਆਰਾ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਅਧਿਕਾਰਾਂ ਦੀ ਬਰਾਬਰੀ ਕਾਇਮ ਰੱਖਣ ਲਈ ਜ਼ੁਲਮ ਸਹਿ ਕੇ ਜਿਨ੍ਹਾਂ ਦੇ ਧਾਰਮਿਕ ਚਿੰਨਹਾਂ(ਤਿਲਕ ਅਤੇ ਜੰਞੂ) ਨੂੰ ਜੀਉਂਦਾ ਰੱਖਣ ਲਈ ਇਹ ਅਜੀਮ ਸ਼ਹਾਦਤਾਂ ਦਿੱਤੀਆਂ , ਉਸ ਧਰਮ ਨੂੰ ਮੰਨਣ ਵਾਲੇ ਪਹਾੜੀ ਰਾਜਿਆਂ ਨੇ, ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸੰਘਰਸ਼ ਵਿਚ ਮੁਗ਼ਲ ਸਰਕਾਰ ਦਾ ਸਾਥ ਦਿੱਤਾ। ਅਜੋਕੇ ਸਮੇਂ ਬਾਰੇ ਵਿਚਾਰ ਕਰਦਿਆਂ, ਸਾਨੂੰ ਵਧੇਰੇ ਦੁੱਖ ਹੋਏਗਾ ਜਦੋਂ ਸਾਨੂੰ ਪਤਾ ਚਲੇਗਾ ਕਿ ਜਿਸ ਧਰਮ ਦੀ ਧਾਰਮਿਕ ਪਹਿਚਾਨ ਬਚਾਉਣ ਲਈ ਇਹ ਸ਼ਹਾਦਤਾਂ ਹੋਈਆਂ, ਉਸ ਧਰਮ ਦੀ ਕਿਤਨੀ ਗਿਣਤੀ ਨੂੰ ਇਹ ਸ਼ਹਾਦਤਾਂ ਅੱਜ ਯਾਦ ਰਹੀਆਂ?।

ਸਿੱਖ ਕੌਮ ਅਤੇ ਸਿੱਖ ਅਸੂਲਾਂ ਵਿਚ ਵਿਸ਼ਵਾਸ ਰੱਖਣ ਵਾਲੇ, ਅਪ੍ਰੈਲ 2021ਈ ਵਿੱਚ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਮਨਾ ਰਹੇ ਹਾਂ। ਕੌਮਾਂ ਦਾ

ਇਤਿਹਾਸ ਕੌਮਾਂ ਨੂੰ ਵਿਰਸੇ ਨਾਲ ਜੋੜਨ ਦਾ ਸਾਧਨ ਹੁੰਦਾ ਹੈ। ਸਮੇਂ ਦੀ ਲੋੜ ਹੈ ਨਾਨਕ ਨਾਮ ਲੇਵਾਂ ਸੰਗਤਾਂ ਆਪਣੇ ਭਰਾਤਰੀ ਭਾਵ ਅਤੇ ਪੰਥਕ ਏਕਤਾ ਦੀ ਮਿਸਾਲ ਬਣਦਿਆਂ ਅਜਿਹੇ ਮੌਕੇ ਤੇ ਗੁਰੂ ਤੇਗ਼ ਬਹਾਦੁਰ ਸਾਹਿਬ ਅਤੇ ਗੁਰੂ ਤੇਗ ਬਹਾਦੁਰ ਜੀ ਦੇ ਨਾਲ ਸ਼ਹੀਦੀਆਂ ਪਾਉਣ ਵਾਲੇ ਤਿੰਨ ਅਨਿੰਨ ਸਿੱਖਾਂ, ਜਿਨ੍ਹਾਂ ਨੇ ਗੁਰੂ ਸਾਹਿਬ ਦੁਆਰਾ ਦਰਸਾਏ ਰਾਹ ਤੇ ਚਲ ਕੇ ਅਦੁੱਤੀ ਕੁਰਬਾਨੀਆਂ ਦਾ ਇਤਿਹਾਸ ਰਚਿਆ, ਉਨ੍ਹਾਂ ਮਹਾਪੁਰਸ਼ਾਂ ਦੁਆਰਾ ਰਚੇ ਸ਼ਹਾਦਤਾਂ ਦੇ ਇਤਿਹਾਸ ਨੂੰ ਸਿਜਦਾ ਕਰੇ, ਨਤਮਸਤਕ ਹੋਏ। ਅਜਿਹੇ ਧਰਮਵੀਰਾਂ ਦੀਆਂ ਜੀਵਨੀਆਂ ਅਤੇ ਕੁਰਬਾਨੀਆਂ ਨੂੰ ਯਾਦ ਕਰਨਾ ਗੁਰੂ ਤੇਗ਼ ਬਹਾਦੁਰ ਜੀ ਨੂੰ ਸਭ ਤੋਂ ਭਾਵਪੂਰਨ ਸ਼ਰਧਾਂਜਲੀ ਹੋਏਗੀ।

## ਅਮਰ ਸ਼ਹੀਦ ਭਾਈ ਦਇਆਲ ਦਾਸ ਜੀ (ਭਾਈ ਦਇਆਲਾ ਜੀ)



ਸੰਸਾਰ ਦੀ ਰਚਨਾ ਤੋਂ ਹੀ ਹਰ ਦੇਸ਼ ਵਿੱਚ, ਕਿਸੇ ਨਾ ਕਿਸੇ ਸਮੇਂ ਕੋਈ ਨਾ ਕੋਈ ਅਜਿਹੀ ਘਟਨਾ ਵਾਪਰਦੀ ਰਹੀ ਹੈ, ਜੋ ਉਸ ਦੇਸ਼ ਦਾ ਇਤਿਹਾਸ ਬਣਨ ਦੇ ਸਮਰੱਥ ਸੀ। ਕੇਵਲ ਚੇਤਨ ਸਮਾਜ ਨੇ ਹੀ, ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ, ਇਨ੍ਹਾਂ ਵਾਪਰੀਆਂ ਘਟਨਾਵਾਂ ਤੋਂ ਸਿਖਿਆ ਗ੍ਰਹਿਣ ਕਰਨ ਦੇ ਆਸ਼ੇ ਨਾਲ, ਅਜਿਹੀਆਂ ਘਟਨਾਵਾਂ ਨੂੰ ਲਿਖਿਤ ਰੂਪ ਵਿੱਚ ਲਿਆਉਣ ਦਾ ਉਪਰਾਲਾ ਕੀਤਾ। ਜਿਨ੍ਹਾਂ ਦੇਸ਼ਾਂ ਵਿਚ ਵਾਪਰੀਆਂ ਘਟਨਾਵਾਂ ਨੂੰ ਲਿਖਤੀ ਰੂਪ ਮਿਲ ਗਿਆ, ਉਹ ਘਟਨਾਵਾਂ ਆਪਣੇ ਆਪਣੇ ਦੇਸ਼ ਦੇ ਇਤਿਹਾਸ ਵਿਚ ਜੀਵਤ ਹੋ ਗਈਆਂ। ਅਨੇਕਾਂ ਦੇਸ਼ਾਂ ਦੇ ਆਗੂਆਂ ਦੀ ਨਾਸਮਝੀ ਜਾਂ ਫਿਰ ਵਿਵਾਦਾਂ ਅਤੇ ਵਿਰੋਧਾਂ ਕਾਰਨ ਦਰ-ਗੁਜ਼ਰ ਹੋਈਆਂ ਘਟਨਾਵਾਂ, ਸਮੇਂ ਦੀ ਧੂੜ ਹੇਠਾਂ ਦਬਦੀਆਂ ਗਈਆਂ। ਉਨ੍ਹਾਂ ਤੋਂ ਧੂੜ ਉਤਾਰਨ ਦਾ ਉਪਰਾਲਾ ਕਦੇ ਹੋਇਆ ਹੀ ਨਹੀਂ।

ਸਿੱਖ ਇਤਿਹਾਸ ਦੀਆਂ ਅਨੇਕਾਂ ਮਹੱਤਵਪੂਰਨ ਘਟਨਾਵਾਂ ਦਾ ਵੀ ਏਹੀ ਹਸ਼ਰ ਹੋਇਆ ਹੈ। ਇਤਿਹਾਸਕਾਰਾਂ ਅਤੇ ਸਮਾਜਿਕ ਅਚੇਤਨਾ ਕਾਰਨ ਹੀ ਸਿੱਖ ਗੁਰੂ ਸਾਹਿਬਾਨ ਦੀ ਜਨਮ ਤਾਰੀਖਾਂ ਵਿਚ ਘਾਲੇ ਅਤੇ ਗੁਰੂ ਮਹਿਲਾਂ ਅਤੇ ਬੱਚਿਆਂ ਦੀਆਂ ਜਨਮ-ਤਾਰੀਖਾਂ ਅਤੇ ਅਹਿਮ ਵੇਰਵਿਆਂ ਬਾਰੇ ਇਤਿਹਾਸ ਨੇ ਚੁੱਪ ਸਾਧੀ ਹੋਈ ਹੈ। ਜਿੱਥੇ ਕਿੱਥੇ ਕੁਝ ਵੇਰਵੇ ਮਿਲਦੇ ਵੀ ਹਨ, ਉਨ੍ਹਾਂ ਬਾਰੇ ਵੱਖ ਵੱਖ ਇਤਿਹਾਸਕਾਰਾਂ ਦੀ ਖੋਜ ਅਤੇ ਰਾਏ ਵਿਚ ਸਹਿਮਤੀ ਨਹੀਂ ਬਣਦੀ। ਇਸ ਦੁਖਾਂਤ ਦੇ ਕਈ ਕਾਰਨਾਂ 'ਚੋਂ ਸਭ ਤੋਂ ਵੱਡਾ ਕਾਰਨ ਤਾਂ ਏਹੀ ਨਜ਼ਰ ਆਉਂਦਾ ਹੈ ਕਿ ਸਿੱਖ ਧਰਮ ਨਵਾਂ ਹੋਣ ਕਾਰਨ, ਸਿੱਖ ਅਨੁਗਾਮੀਆਂ ਨੂੰ ਆਪਣੀ ਆਤਮਿਕ ਸੁਚੇਚਤਾ ਅਤੇ ਧਾਰਮਿਕ ਫ਼ਲਸਫੇ **"ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ"** ਅਤੇ ਨਿੱਜੀ ਪਹਿਚਾਨ ਦੀ ਰਖਿਆ ਲਈ ਅਨੇਕਾਂ ਕਠਿਨਾਈਆਂ ਅਤੇ ਇਮਤਿਹਾਨਾਂ ਚੋਂ ਗੁਜ਼ਰਨਾ ਪੈ ਰਿਹਾ ਸੀ। ਅਜਿਹੇ ਸਮਿਆਂ ਅਤੇ ਸਮੱਸਿਆਵਾਂ ਵਿਚ ਇਤਿਹਾਸ ਲਿਖਣ ਦਾ ਸਮਾਂ ਭਲਾ ਕਿਸ ਕੋਲ ਹੋ ਸਕਦਾ ਸੀ? ਦੂਜੇ, ਉਨ੍ਹਾਂ ਸਮਿਆਂ ਦੇ ਬਹੁਤੇ ਇਤਿਹਾਸਕਾਰਾਂ ਦੀ ਹੀਣੀ ਸੋਚ ਕਾਰਨ, ਉਨ੍ਹਾਂ ਨੂੰ ਤਾਂ ਵਿਸ਼ਵਾਸ ਹੀ ਨਹੀਂ ਸੀ ਕਿ ਸਿੱਖ ਧਰਮ, ਵਕਤ ਦੀਆਂ ਅਜ਼ਮਾਇਸ਼ਾਂ 'ਤੇ ਪੂਰਾ ਉਤਰ ਕੇ ਜੀਉਂਦਾ ਵੀ ਰਹੇਗਾ ਕਿ ਨਹੀਂ। ਅਜਿਹੇ ਧਰਮ ਬਾਰੇ ਫਿਰ ਕਿਉਂ ਸੋਚਿਆ ਤੇ ਸਮਾਂ ਨਸ਼ਟ ਕੀਤਾ ਜਾਏ ਜਿਸ ਦਾ ਭਵਿੱਖ ਸਾਫ ਨਜ਼ਰ ਨਹੀਂ ਸੀ ਆਉਂਦਾ। ਤੀਜੇ, ਉਨ੍ਹਾਂ ਜ਼ੁਲਮੀ ਸਮਿਆਂ ਵਿਚ, ਬਹੁਤੇ ਇਤਿਹਾਸਕਾਰ ਇਸਲਾਮ ਮਤ ਦੇ ਹਾਮੀ ਹੋਣ ਕਾਰਨ, ਸਿੱਖ ਧਰਮ ਨੂੰ ਆਪਣੇ ਧਰਮ ਦਾ ਵਿਰੋਧੀ ਜਾਣ, ਸਿੱਖ ਧਰਮ ਦੀ ਵਿਰੋਧਤਾ ਕਰਨਾ ਹੀ ਆਪਣਾ ਫ਼ਰਜ਼ ਜਾਣਿਆ। ਉਨ੍ਹਾਂ ਨੇ ਸਿੱਖ ਧਰਮ ਵੱਲ ਧਿਆਨ ਹੀ ਨਹੀਂ ਦਿੱਤਾ। ਚੌਥੇ, ਸਿੱਖ ਗੁਰੂਆਂ ਦੁਆਰਾ, ਬੁੱਤ ਪੂਜਾ, ਕਰਮ ਕਾਂਡਾਂ ਦੀ ਵਿਰੋਧਤਾ ਕਾਰਨ ਹਿੰਦੂ ਇਤਿਹਾਸਕਾਰਾਂ ਦਾ ਵੀ ਸਿੱਖ ਮੱਤ ਬਾਰੇ ਏਹੋ ਰਵੱਈਆ ਲਾਜ਼ਮੀ ਸੀ। ਅੰਗ੍ਰੇਜ਼, ਯੁਰਪੀਨ ਅਤੇ ਅਮਰੀਕਨ ਇਤਿਹਾਸਕਾਰਾਂ ਦਾ ਸਿੱਖ ਧਰਮ ਦੇ ਇਤਿਹਾਸ ਵਿਚ ਵਿਸ਼ੇਸ਼ ਸਰੋਕਾਰ ਨਹੀਂ ਸੀ। ਉਨ੍ਹਾਂ ਨੂੰ ਜੋ ਜਾਣਕਾਰੀ ਕਿਸੇ ਵਸੀਲੇ ਤੋਂ ਪ੍ਰਾਪਤ ਹੋ ਗਈ ਉਸ ਤੇ ਹੀ ਭਰੋਸਾ ਕਰ ਕੇ ਲਿਖਤੀ ਰੂਪ ਦੇ

ਦਿੱਤਾ। ਆਪਣੇ ਕਥਨ ਦੀ ਪੁਸ਼ਟੀ ਵਿਚ ਮੈਂ, *Oxford University Press*ਦੁਆਰਾ ਛਾਪੀ *Stanley Wolport's 'A New History of India' (1989- Third Edition)* ਦੇ ਪੰਨਾ ਨੰਬਰ 161 ਤੋਂ ਇਕ ਟਿਪਣੀ ਨਾਲ ਤੁਹਾਡੀ ਸਾਂਝ ਪਾਉਂਣੀ ਚਾਹੁੰਦਾ ਹਾਂ। ਲੇਖਕ ਲਿਖਦਾ ਹੈ ਕਿ "*Ram Das, the forth guru had served at Akbar's court and was granted some land by emperor between the rivers Satluj and Ravi in Punjab which was to become the site of the Sikh's sacred capital. Ram Das's son and successor, Arjun(1563-1606), completed the great sikh temple at this spot, naming the city Amritsar."* ਲੇਖਕ ਦੀ ਇਹ ਟਿਪਣੀ ਸਰਾਸਰ ਗ਼ਲਤ ਬਿਆਨੀ ਹੈ। ਬਾਦਸ਼ਾਹ ਅਕਬਰ ਨੂੰ ਗੁਰੂ ਘਰ ਦੇ ਦੋਖੀਆਂ ਵੱਲੋਂ ਗੁਰੂ ਘਰ ਬਾਰੇ ਗ਼ਲਤ ਸਿਕਾਇਤਾਂ ਮਿਲਣ ਕਾਰਨ, ਬਾਦਸ਼ਾਹ ਵੱਲੋਂ ਬੁਲਾਏ ਜਾਣ ਤੇ, ਸ੍ਰੀ ਗੁਰੂ ਅਮਰ ਦਾਸ ਜੀ ਨੇ ਭਾਈ ਜੇਠਾ ਜੀ,( ਜੋ ਗੁਰੂ ਘਰ ਦੇ ਸਿਧਾਂਤਾਂ, ਰਵਾਇਤਾਂ ਅਤੇ ਵਿਚਾਰਧਾਰਾ ਵਿਚ ਨਿਪੁੰਨਤਾ ਪ੍ਰਾਪਤ ਕਰ ਚੁੱਕੇ ਸੀ,) ਨੂੰ ਗੁਰੂ ਘਰ ਬਾਰੇ ਸ਼ੰਕੇ ਦੂਰ ਕਰਨ ਦੇ ਆਸ਼ੇ ਨਾਲ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਭੇਜਿਆ ਸੀ, ਨਾ ਕਿ ਅਕਬਰ ਦੇ ਦਰਬਾਰ ਵਿਚ ਕੰਮ/ਨੌਕਰੀ ਕਰਨ ਲਈ। ਇਸੇ ਪੰਨੇ ਤੇ ਲੇਖਕ ਦੀ ਗੁਰੂ ਹਰਿਰਾਇ ਜੀ ਬਾਰੇ ਵੀ ਇਕ ਗ਼ਲਤ ਟਿਪਣੀ ਦਰਜ ਹੈ, ਜਿਸ ਵਿਚ ਲੇਖਕ ਦੀਆਂ ਧਾਰਨਾਵਾਂ ਗ਼ਲਤ ਹਨ। ਕਿਸੇ ਵਿਸ਼ੇ ਦੀ ਗ਼ਲਤ ਤਸਵੀਰ ਪੇਸ਼ ਕਰਨਾ, ਜਾਂ ਗ਼ਲ ਨੂੰ ਮੋੜ-ਤੋੜ ਕੇ ਲਿਖਣਾ/ ਗ਼ਲਤ ਕਥਨੀ, ਅਗਿਆਨਤਾ ਕਾਰਨ ਜਾਂ ਸ਼ਰਾਰਤ ਕਰਨਾ ਹੁੰਦੀ ਹੈ । ਕਿਸੇ ਵੀ ਇਤਿਹਾਸਕਾਰ ਦੁਆਰਾ ਕਿਸੇ ਵਿਸ਼ੇਸ਼ ਵਿਅਕਤੀ ਬਾਰੇ ਗ਼ਲ਼ਤ ਟਿਪਣੀ ਕਰਨਾ, ਇਤਿਹਾਸਕਾਰ ਦੇ ਚਰਿਤ੍ਰ ਦੀ ਕਮਜ਼ੋਰੀ ਦਰਸਾਂਦਾ ਹੈ। ਦੂਸ਼ਿਤ ਖੋਜ ਜਾਂ ਅਧੂਰੀ ਜਾਣਕਾਰੀ ਦੇ ਆਧਾਰ ਤੇ ਇਤਿਹਾਸ ਪੇਸ਼ ਕਰਨਾ, ਅਸਲੋਂ ਹੀ ਗ਼ੈਰ-ਜ਼ੁੰਮੇਦਾਰਾਨਾ ਵਤੀਰਾ ਅਖਵਾਂਦਾ ਹੈ। ਮੈਂ ਸਿੱਖ ਬੁੱਧੀਜੀਵੀਆਂ ਦਾ *J D CUNNINGHAM* ਦੁਆਰਾ ਲਿਖਿਤ *History of the SIKHS* ਦੇ *18th January,1853 Second Edition* ਬਾਰੇ ਧਿਆਨ ਇਨ੍ਹਾਂ ਸ਼ਬਦਾਂ ਵੱਲ ਖਿਚਣਾ ਚਾਹੁੰਦਾ ਹਾਂ।" *the printed materials for the recent History of India are not of that character on which historians can rely. State papers, presented to the people, by 'both houses of Parliament' have been altered to suit the temporary views of political warfare, or abridged out of mistaken regard to the tender feelings of the survivors(The character and career of Alexander Burnes have both been misrepresented in those collections of State papers which are supposed to furnish the best materials of History, but which are often only one-sided compilations of garbled documents, counterfeits,which the ministerial stamp forced into currency, defrauding a present generation and handing down to posterity a chain of dangerous lies)In matter of private life. Some tenderness may be shown to individual senstiveness, but History of the value should be written by one superior to the influence of private or personal feeling. What Gobon calls "truth,naked,unblushing truth, the first virtue of more serious history, should alone direct the pen of historian ;and truth alone influenced the mind and guided the pen of the author of this book. PETER CUNNINGHAM,Kensington, 18th January, 1853.* ਇਸ ਟਿਪਣੀ ਤੋਂ ਇਹ ਅੰਦਾਜ਼ਾ ਤਾਂ ਲਗਾਇਆ ਹੀ ਜਾ ਸਕਦਾ ਹੈ ਕਿ ਅੰਗ੍ਰੇਜ਼ਾ ਦੇ ਸਮੇਂ ਦਾ ਭਾਰਤੀ ਇਤਿਹਾਸ ਕਿਤਨਾ ਸਹੀ ਜਾਂ ਗ਼ਲਤ ਲਿਖਿਆ ਗਿਆ ਹੈ?? ਉਪ੍ਰੋਕਤ ਟਿਪਣੀਆਂ ਹੀ ਨਹੀਂ ਹਿੰਦੁਸਤਾਨ ਵਿਚ ਭਾਰਤੀ ਲੇਖਕਾਂ ਦੀਆਂ ਅਨੇਕਾਂ ਕਿਤਾਬਾਂ ਮਿਲ ਜਾਣਗੀਆਂ ਜਿਨ੍ਹਾਂ ਵਿਚ ਸਿੱਖ ਇਤਿਹਾਸ ਨੂੰ ਗ਼ਲਤ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ। ਕਿਸੇ ਸਿੱਖ ਸੰਸਥਾ ਜਾਂ ਜੱਥੇਬੰਦੀ ਵੱਲੋਂ ਚੁਣੌਤੀ ਨਾ ਦੇਣ ਕਾਰਨ, ਸਿੱਖ ਇਤਿਹਾਸ ਦੀ ਗ਼ਲਤ-ਬਿਆਨੀ ਵਾਸਤਵਕ ਸਿੱਖ ਇਤਿਹਾਸ ਦਾ ਰੂਪ ਬਣਦੀ ਜਾ ਰਹੀ ਹੈ। ਸਿੱਖ ਜੱਥੇਬੰਦੀਆਂ ਵੱਲੋਂ ਅਜਿਹੇ ਦੋਖਾਂ ਦੀ ਨਜ਼ਰਅੰਦਾਜ਼ੀ ਨੂੰ ਦੇਖਦਿਆਂ, ਭਾਰਤ ਸਰਕਾਰ ਦੀਆਂ ਸੰਸਥਾਵਾਂ ਨੂੰ ਭਲਾ ਕੀ ਲੋੜ ਪਈ ਜੇ ਅਜਿਹੇ ਗ਼ਲ਼ਤ ਰਚੇ ਇਤਿਹਾਸ ਵੱਲ ਧਿਆਨ ਦੇਵੇ, ਉਹ ਵੀ ਸਿੱਖ ਕੌਮ ਦੇ ਇਤਿਹਾਸ ਵੱਲ। ਇਸ

ਸੱਚ ਨੂੰ ਵੀ ਕੋਈ ਨਹੀਂ ਝੁਠਲਾਇਆ ਜਾ ਸਕਦਾ ਕਿ ਉਹ ਦੇਸ਼ ਤੇ ਕੌਮ ਹੀ ਆਪਣਾ ਸਿਰ ਕਰ ਕੇ ਚਲ ਸਕਦੇ ਹਨ, ਜਿਸ ਦਾ ਇਤਿਹਾਸ ਗੌਰਵਮਈ ਅਤੇ ਸਹੀ ਲਿਖਿਆ ਗਿਆ ਹੋਵੇ। ਅਜਿਹੇ ਗੰਭੀਰ ਵਿਸ਼ੇ ਤੇ ਧਿਆਨ ਤਾਂ ਉਹ ਲੀਡਰ ਜਾਂ ਲੇਖਕ ਹੀ ਦੇ ਸਕਦੇ ਹਨ ਜੋ ਇਸ ਸੋਚ ਦੇ ਧਾਰਨੀ ਹੋਣ!

ਅਸੀਂ ਹੇਠਾਂ ਸਿੱਖ ਇਤਿਹਾਸ ਦੇ ਇੱਕ ਅਜਿਹੇ ਹੀ ਅਣਗੌਲੇ ਨਾਇਕ ਦੇ ਜੀਵਨ ਬਾਰੇ ਵਿਚਾਰ ਕਰਨ ਦਾ ਉਪਰਾਲਾ ਕਰ ਰਹੇ ਹਾਂ। ਗੁਰੂ ਤੇਗ ਬਹਾਦੁਰ ਜੀ ਦੇ ਨਾਲ ਦਿੱਲੀ ਵਿਖੇ ਸ਼ਹਾਦਤ ਪਾਉਣ ਵਾਲੇ ਤੀਜੇ ਸਿੱਖ ਭਾਈ ਦਇਆਲਾ ਜੀ ਦੇ ਨਾਮ ਨਾਲ ਜਾਣੇ ਜਾਣ ਵਾਲੇ, ਭਾਈ ਦਇਆਲ ਦਾਸ ਜੀ ਸਨ। ਭਾਈ ਦਇਆਲਾ ਜੀ ਨੇ ਨਾ ਸਿਰਫ ਜ਼ਾਲਮ ਹਕੂਮਤ ਦੇ ਜ਼ੁਲਮ ਨੂੰ ਤਨ ਅਤੇ ਮਨ ਤੇ ਸਹਾਰਿਆ, ਸਗੋਂ ਆਪਣੇ ਅਕੀਦੇ ਦੇ ਪੱਕੇ ਅਤੇ ਵਿਸ਼ਵਾਸ ਵਿਚ ਅਡੋਲ ਰਹਿ ਕੇ ਆਪਣੀ ਚੜ੍ਹਦੀ ਕਲਾ ਦਾ ਪ੍ਰਦਰਸ਼ਨ ਕਰਦਿਆਂ ਆਪਾ ਵਾਰਿਆ। ਭਾਈ ਦਇਆਲਾ ਜੀ(ਭਾਈ ਦਇਆਲ ਦਾਸ ਜੀ) ਦੇ ਪਿਛੋਕੜ ਬਾਰੇ ਵੀ, ਭਾਰਤੀ ਇਤਿਹਾਸਕਾਰ ਇਕਮੱਤ ਨਹੀਂ ਹਨ। ਭਾਈ ਸਾਹਿਬ ਜੀ ਦੀ ਜੀਵਨੀ ਬਾਰੇ ਵੱਖ ਵੱਖ ਇਤਿਹਾਸਕਾਰਾਂ ਦੀ ਜੁਦਾ ਜੁਦਾ ਰਾਏ ਪੜ੍ਹਨ ਨੂੰ ਮਿਲਦੀ ਹੈ। ਪ੍ਰਿੰਸੀਪਲ ਗੰਗਾ ਸਿੰਘ ਨੇ ਅੰਮ੍ਰਿਤ ਰਸਾਲੇ ਦੇ ਜੂਨ ਸੰਨ 1932ਈ ਦੇ ਪਰਚੇ ਵਿਚ ਭਾਈ ਦਇਆਲਾ ਜੀ ਨੂੰ ਮਾਲਵੇ ਦੇ ਪਿੰਡ ਕੋਬੇਵਾਲ ਦਾ ਵਸਨੀਕ ਦਸਿਆ ਹੈ। ਜਦਕਿ ਕੁਝ ਇਤਿਹਾਸਕਾਰ ਭਾਈ ਦਇਆਲਾ ਜੀ ਦਾ ਪਿਛੋਕੜ ਤਰਨਤਾਰਨ ਦੇ ਕੰਬੋਜ ਪਰਿਵਾਰਾਂ ਨਾਲ ਵੀ ਜੋੜਦੇ ਹਨ। ਕਈ ਇਤਿਹਾਸਕਾਰ ਭਾਈ ਦਇਆਲਾ ਜੀ ਨੂੰ ਅਜੋਕੇ ਹਰਿਆਨਾ ਦੇ ਪਿੰਡ ਥੇਹ ਦਾ ਵਸਨੀਕ ਵੀ ਦਸਦੇ ਹਨ। ਕਈ ਇਤਿਹਾਸਕਾਰ, ਗੁਰੂ ਤੇਗ ਬਹਾਦੁਰ ਜੀ ਦੇ ਨਾਲ ਸ਼ਹਾਦਤ ਦਾ ਜਾਮਾ ਪਹਿਨਣ ਵਾਲੇ ਤੀਜੇ ਸ਼ਹੀਦ ਭਾਈ ਦਇਆਲਾ ਜੀ , ਭਾਈ ਮਨੀ ਸਿੰਘ ਜੀ ਦੇ ਭਰਾਤਾ ਅਤੇ ਅਗਨੀਵੰਸ਼ੀ ਰਾਜਪੂਤ ਪਿਛੋਕੜ ਦੇ ਸਵਾਮੀ ਮੰਨਦੇ ਹਨ। ਇੱਕ ਹੋਰ ਇਤਿਹਾਸਕ ਦਸਤਾਵੇਜ਼, ਭੱਟ ਵਹੀ ਮੁਲਤਾਨੀ ਸਿੰਧੀ (ਖਾਤਾ ਪੁਆਰ ਜਲਹਾਨੇ ਕਾ) ਵਿਚ ਦਰਜ ਟਿਪਣੀ ਅਨੁਸਾਰ, "ਦਿਆਲ ਦਾਸ ਬੇਟਾ ਮਾਈ ਦਾਸ, ਬੇਟਾ ਬੱਲੂ ਰਾਉ ਕਾ, ਚੰਦਰਬੰਸੀ ਭਾਰਦੁਆਜੀ ਗੋਤ੍ਰਾ ਪੁਆਰ ਬੰਸ ਬੀਝੇ ਕਾ ਬੰਝਾਵਤ ਗੁਰੂ ਗੈਲੋਂ ਸੰਬਤ ਸਤ੍ਰਾਂ ਸੈ ਬੱਤੀਸ ਮੰਗਰ ਸੁਦੀ ਪੰਚਮੀ ਵੀਰਵਾਰ ਕੇ ਦੇਹੁ ਦਿੱਲੀ ਚਾਂਦਨੀ ਚਉਂਕ ਬੀਚ ਸ਼ਾਹੀ ਹੁਕਮ ਗੈਲ ਮਾਰਾ ਗਿਆ। ਸਾਥ ਸਤੀ ਦਾਸ ਮੱਤੀ ਦਾਸ ਬੇਟੇ ਹੀਰਾ ਨੰਦ ਕੇ ਪੋਤੇ ਦਬਾਰਕਾ ਕੇ ਪੜਪੋਤੇ ਪਰਾਗ ਦਾਸ ਕੇ ਬੰਸ ਬਾਵਾ ਗੌਤਮ ਜੀ ਕਾ ਸਾਰਸੁਤੀ ਭਾਰਗਵ ਗੋਤ੍ਰੇ ਛਿਬਰ ਬ੍ਰਾਹਮਨ ਮਝਾਲ ਮਾਰੇ ਗਏ।" ਇਸ ਲਿਖਤ ਜਾਣਕਾਰੀ ਅਨੁਸਾਰ ਭਾਈ ਦਇਆਲ ਦਾਸ ਜੀ ਦੇ ਸਾਰੇ ਖਾਨਦਾਨ ਦੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ( ਇਸ ਜਾਣਕਾਰੀ ਤੋਂ ਭਾਈ ਦਇਆਲ ਦਾਸ ਜੀ( ਭਾਈ ਦਇਆਲਾ ਜੀ) ਦੀ ਸ਼ਹਾਦਤ ਦਾ ਦਿਨ, ਮਹੀਨਾ ਅਤੇ ਸਾਲ ਵੀ ਪ੍ਰਾਪਤ ਹੁੰਦਾ ਹੈ, ਜੋ ਅਹਿਮ ਜਾਣਕਾਰੀ ਹੋਣ ਦੇ ਨਾਲ ਵਾਸਤਵਿਕ ਵੀ ਲਗਦੀ ਹੈ। ਮੰਘਰ ਸੁਦੀ ਪੰਚਮੀ ਉਹੀ ਦਿਨ ਹੈ ਜਿਸ ਦਿਨ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਹੋਈ ਸੀ। ਇਹ ਤੱਥ ਵਿਚਾਰਨਜੋਗ ਹੈ, ਕਿਉਂਜੋ ਮੌਜੂਦਾ ਇਤਿਹਾਸ ਇਸ ਗੱਲ ਦੀ ਗਵਾਹੀ ਨਹੀਂ ਭਰਦਾ ਕਿ ਗੁਰੂ ਤੇਗ਼ ਬਹਾਦਰ ਜੀ ਅਤੇ ਤਿੰਨੋ ਸਿੱਖਾਂ ਦੀਆਂ ਸ਼ਹਾਦਤਾਂ ਇੱਕੋ ਦਿਨ ਹੋਈਆਂ ਸਨ) ਦੇਖਣ ਵਿਚ ਆਉਂਦਾ ਹੈ ਕਿ ਇਨ੍ਹਾਂ ਵਹੀਆਂ ਵਿਚ ਜਾਣਕਾਰੀ ਮਿਰਤਕ ਦੇ ਪਰਿਵਾਰ ਜਾਂ ਨਜ਼ਦੀਕੀ ਰਿਸ਼ਤੇਦਾਰ ਹੀ ਦਰਜ ਕਰਵਾ ਸਕਦੇ ਹਨ। ਇਸ ਲਈ ਇਹ ਜਾਣਕਾਰੀਆਂ ਪਰਮਾਣਿਤ ਸਮਝੀਆਂ ਜਾਂਦੀਆਂ ਹਨ।

ਸਿੱਖ ਸ਼ਹਾਦਤ ਦਾ ਸੰਕਲਪ ਤੇ ਪਰੰਪਰਾ ਪੁਸਤਕ ਵਿਚ ਡਾਕਟਰ ਗੁਲਜ਼ਾਰ ਸਿੰਘ ਜੀ ਦੇ ਪੰਨਾ 93 ਤੇ ਛਪੇ 'ਧਰਮ ਚਿੰਤਨ ਵਿੱਚ ਸ਼ਹਾਦਤ ਦਾ ਸਿੱਖ -ਪ੍ਰਸੰਗ ਅਤੇ ਪਰਿਵਾਰਕ ਸ਼ਹੀਦੀਆਂ' ਲੇਖ ਵਿਚ ਦਿੱਤੀ ਸੂਚਨਾ ਅਨੁਸਾਰ, "ਭਾਈ ਦਇਆਲਾ ਤਾਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾਂ ਦੇਗ਼ ਵਿੱਚ ਉਬਾਲਿਆ ਗਿਆ।"( ਇਸੇ ਲੇਖ ਵਿੱਚ ਦਿੱਤੀ ਗਈ ਜਾਣਕਾਰੀ ਅਨੁਸਾਰ, ਭਾਈ ਦਇਆਲਾ ਜੀ( ਭਾਈ ਦਇਆਲ ਦਾਸ ਜੀ) ਭਾਈ ਬੱਲੂ ਰਾਉ ਦੇ ਪੁੱਤਰ ਭਾਈ ਮਾਈ ਦਾਸ ਦੇ ਬੇਟੇ ਸਨ, ਜਿਸ ਰਿਸ਼ਤੇ ਨਾਲ ਉਹ ਭਾਈ ਮਨੀ ਸਿੰਘ ਜੀ ਦੇ ਭਾਈ ਸਨ। ਭਾਈ ਬਲੂ ਜੀ ਗੁਰੂ ਹਰਿਗੋਬਿੰਦ ਦੇ ਸਮੇਂ ਮੁਰਤਜ਼ਾ ਖ਼ਾਨ ਨਾਲ ਲੜ੍ਹਦੇ ਸ਼ਹੀਦ ਹੋਏ ਸਨ।

ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਦਇਆਲ ਦਾਸ ਜੀ (ਭਾਈ ਦਇਆਲਾ ਜੀ) ਗੁਰੂ ਘਰ ਵਿਚ ਆਉਣ ਤੋਂ ਬਾਅਦ, ਗੁਰੂ ਘਰ ਦਿਆਂ ਕੰਮਾ ਵਿਚ ਜਿਵੇਂ ਜਿਵੇਂ ਜੁੜਦੇ ਗਏ, ਹਰਮਨ-ਪਿਆਰੇ ਹੁੰਦੇ ਗਏ। ਸੰਨ 1663ਈ ਵਿਚ ਕੀਰਤਪੁਰ ਸਾਹਿਬ ਤੋਂ ਦਿੱਲੀ ਜਾਣ ਸਮੇਂ, ਗੁਰੂ ਹਰਿਕ੍ਰਿਸ਼ਨ ਜੀ ਦੇ ਕਾਫ਼ਲੇ ਵਿਚ ਸ਼ਾਮਿਲ ਪੰਜ੍ਹੀ ਸਿੱਖਾਂ ਵਿਚ ਭਾਈ ਦਇਆਲਾ ਜੀ ਵੀ ਸ਼ਾਮਿਲ ਸਨ। ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਦੁਆਰਾ 'ਬਾਬਾ ਬਕਾਲੇ' ਫਰਮਾਉਣ ਦੇ ਮੌਕੇ ਤੇ ਭਾਈ ਦਇਆਲਾ ਜੀ ਵੀ ਹਾਜ਼ਰ ਸਨ। ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਦੀ ਪਾਵਨ ਦੇਹ ਦਾ 10 ਮਾਰਚ, ਸੰਨ 1664ਈ ਨੂੰ ਸਸਕਾਰ ਕਰਨ ਮਗਰੋਂ ਬਕਾਲੇ ਨੂੰ ਜਾਣ ਵਾਲੇ ਕਾਫ਼ਲੇ ਵਿਚ ਭਾਈ ਦਇਆਲਾ ਜੀ ਵੀ ਸ਼ਾਮਿਲ ਹੋਏ ਸਨ।

ਇਹ ਵਿਸ਼ਵਾਸ ਵੀ ਕੀਤਾ ਜਾਂਦਾ ਹੈ ਕਿ ਭਾਈ ਦਇਆਲਾ ਜੀ (ਭਾਈ ਦਇਆਲ ਦਾਸ ਜੀ), ਭਾਈ ਕਿਰਪਾਲ

ਚੰਦ( ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਜੀ )ਦੀ ਨਿਗਰਾਨੀ ਹੇਠ, ਪਟਨਾ ਨਗਰ ਵਿਖੇ, ਬਾਲ ਗੋਬਿੰਦ ਜੀ ਦੀ ਸੇਵਾ ਵਿਚ ਵੀ ਰਹੇ ਸਨ। ਗੁਰੂ ਘਰ ਦੀ ਸੇਵਾ ਵਿਚ ਜੁੜਨ ਤੋਂ ਬਾਅਦ, ਭਾਈ ਦਇਆਲਾ ਜੀ (ਭਾਈ ਦਇਆਲ ਦਾਸ ਜੀ,) ਵਕਤ ਬੀਤਣ ਦੇ ਨਾਲ, ਗੁਰੂ ਤੇਗ਼ ਬਹਾਦੁਰ ਜੀ ਦੇ ਨਿਕਟਵਰਤੀ ਅਤੇ ਭਰੋਸੇ ਵਾਲੇ ਸੇਵਕ ਬਣ ਗਏ।

ਸੰਨ 1644 ਈ ਵਿਚ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਆਦੇਸ਼ ਤੇ (ਗੁਰੂ) ਤੇਗ਼ ਬਹਾਦੁਰ ਜੀ ਆਪਣੇ ਨਾਨਕੇ ਪਿੰਡ 'ਬਕਾਲਾ' ਨਿਵਾਸ ਕਰ ਲਿਆ। ਜਿੱਥੇ (ਗੁਰੂ) ਤੇਗ ਬਹਾਦੁਰ ਜੀ ਇਕਾਂਤਵਾਸ ਵਿਚ ' ਸਤਿਨਾਮ ਵਾਹਿਗੁਰੂ' ਦਾ ਜਾਪ ਕਰਨ ਅਤੇ ਬਾਣੀ ਰਚਨ ਵਿਚ ਰੁੱਝ ਗਏ। ਬਕਾਲਾ ਵਿਖੇ ਭਾਈ ਸੱਦਾ ਜੀ ( ਪੂਰਾ ਨਾਮ ਭਾਈ ਸਦਾ ਚੰਦ ਜੀ) (ਗੁਰੂ) ਤੇਗ ਬਹਾਦੁਰ ਜੀ ਦੀ ਸੇਵਾ ਵਿਚ ਰਹਿੰਦੇ ਸਨ। (ਗੁਰੂ) ਤੇਗ਼ ਬਹਾਦੁਰ ਜੀ ਦੇ ਬਕਾਲਾ ਪਧਾਰਨ ਬਾਰੇ ਪਤਾ ਚਲਣ ਤੇ ਕਈ ਗੁਰਸਿਖ ਅਧਿਆਤਮਕ ਗਿਆਨ ਦੀ ਚਰਚਾ ਕਰਨ ਬਕਾਲਾ ਆਉਂਣ ਲੱਗੇ। (ਗੁਰੂ) ਤੇਗ਼ ਬਹਾਦੁਰ ਜੀ, ਜੋ ਬਚਪਨ ਤੋਂ ਹੀ ਦਲੇਰ ਅਤੇ ਬਹਾਦੁਰ ਸੁਭਾ ਦੇ ਮਾਲਿਕ ਸਨ, 21-22 ਸਾਲਾਂ ਦੀ ਸਿਮਰਨ ਸ਼ਕਤੀ ਸਦਕੇ ਸੂਝਵਾਨ, ਸ਼ਾਂਤ, ਤਿਆਗੀ ਅਤੇ ਪਰ-ਉਪਕਾਰੀ ਸੁਭਾਅ ਵੀ ਅਪਣਾ ਲਿਆ।

ਗੁਰੂ ਦਾ ਸਿੱਖ ਭਾਈ ਮੱਖਣ ਸ਼ਾਹ ਲੁਭਾਣਾ ਆਪਣੀ ਸੁਖਣਾ ਪੂਰੀ ਕਰਨ ਦੇ ਆਸ਼ੇ ਨਾਲ ਕੀਰਤਪੁਰ ਹੁੰਦਾ ਹੋਇਆ ਬਕਾਲੇ ਪੁਜਿਆ ਸੀ। ਭਾਈ ਮੱਖਣ ਸ਼ਾਹ ਲੁਭਾਣਾ ਦੁਆਰਾ ਬਕਾਲਾ ਵਿਖੇ, ਨੌਂਵੇਂ ਗੁਰੂ ਪ੍ਰਗਟ ਕਰਨ ਤੋਂ ਬਾਅਦ, ਗੁਰੂ ਤੇਗ ਬਹਾਦੁਰ ਜੀ ਦੀ ਗੁਰਿਆਈ ਦੀ ਰਸਮ ਬਕਾਲਾ ਵਿਖੇ ਹੀ ਅਦਾ ਹੋਈ। ਕੁਝ ਇਤਿਹਾਸਕਾਰਾਂ ਅਨੁਸਾਰ "ਸੰਮਤ 1721 ਬਿ: ਭਾਦਰੋਂ ਦੀ ਅਮਾਵਸ(1664ਈ) ਮਾਤਾ ਸੁਲੱਖਣੀ ਦੇ ਬੁਲਾਉਣ ਉੱਤੇ ਬਾਬਾ ਦੁਆਰਕਾ ਦਾਸ ਭੱਲਾ ਸਪੁੱਤਰ ਬਾਬਾ ਅਰਜਾਣੀ ਸਾਹਿਬ, ਪੋਤੇ ਬਾਬਾ ਮੋਹਰੀ ਜੀ ਨੇ ਗੁਰੂ ਤੇਗ਼ ਬਹਾਦੁਰ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ।" ਜਦ ਕਿ ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ ਅਨੁਸਾਰ ਦਿੱਲੀ ਤੋਂ ਗੁਰੂ ਕਾਫ਼ਲਾ ਬਕਾਲਾ ਪੁੱਜਣ ਤੇ, 20 ਮਾਰਚ ਸੰਨ 1665ਈ ( ਚੇਤ 23,ਸੰਮਤ 1722 ਨੂੰ) ਗੁਰੂ ਤੇਗ਼ ਬਹਾਦੁਰ ਜੀ ਦੀ ਗੁਰਿਆਈ ਦੀ ਰਸਮ ਅਦਾ ਕੀਤੀ ਗਈ। ਉਸ ਸਮੇਂ ਗੁਰੂ ਤੇਗ ਬਹਾਦੁਰ ਜੀ ਦੀ ਉਮਰ 44 ਸਾਲ ਸੀ। ਗੁਰਮੁਖ ਸਿੰਘ ਦੁਆਰਾ ਸੰਪਾਦਨ ਕੀਤੀ ਪੁਸਤਕ ਵਿਚ, ਭਟ ਵਹੀ ਤਲਉਂਡਾ ਪ੍ਰਗਨਾ ਜੀਂਦ, ਕਵਿ ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ - ਸੰਪਾਦਨ ਡਾ, ਗੋਬਿੰਦ ਸਿੰਘ ਲਾਂਬਾ, 1776ਈ(1833ਬਿ:) ਭਾਸ਼ਾ ਵਿਭਾਗ ਪਟਿਆਲਾ ਤੇ ਸਰੂਪ ਸਿੰਘ ਕੌਸ਼ਿਸ਼ ਦੀਆਂ ਲਿਖਤਾਂ ਅਨੁਸਾਰ, "ਸੰਮਤ 1721 ਬਿ: ਭਾਦਰੋਂ ਦੀ ਅਮਾਵਸ (1664ਈ) ਮਾਤਾ ਸੁਲੱਖਣੀ ਜੀ ਦੇ ਬੁਲਾਉਣ ਉੱਤੇ, ਬਾਬਾ ਦਵਾਰਕਾ ਦਾ ਭੱਲਾ ਪੁੱਤਰ ਬਾਬਾ ਅਰਜਾਣੀ ਸਾਹਿਬ, ਪੋਤਾ ਬਾਬਾ ਮੋਹਰੀ ਜੀ ਨੇ ਗੁਰੂ ਤੇਗ਼ ਬਹਾਦੁਰ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ।"

ਗੁਰਿਆਈ ਦੀ ਰਸਮ ਅਦਾ ਹੋਣ ਮਗਰੋਂ, ਮਾਤਾ ਜੀ ਦੇ ਸੁਝਾ ਤੇ ਗੁਰੂ ਤੇਗ ਬਹਾਦੁਰ ਜੀ ਨੇ ਕੀਰਤਪੁਰ ਸਾਹਿਬ ਵਿਖੇ ਨਿਵਾਸ ਕਰਨ ਦਾ ਫ਼ੈਸਲਾ ਲਿਆ। ਕੀਰਤਪੁਰ ਸਾਹਿਬ ਵਿਖੇ ਰਹਿੰਦਿਆਂ, ਸੰਨ 1665ਈ ਦੇ ਮਈ ਮਹੀਨੇ, ਕੋਹਲੂਰ ਰਿਆਸਤ ਦੀ ਰਾਣੀ ਤੋਂ 500 ਰੁਪੈ ਦੇ ਮੁੱਲ ਤੇ ਮਾਖੋਵਾਲ ਪਿੰਡ ਦੀ ਜ਼ਮੀਨ ਖਰੀਦ ਕੇ ਗੁਰੂ ਸਾਹਿਬਾਨ ਦੁਆਰਾ ਨਵੇਂ ਨਗਰ ਵਸਾਉਣ ਦੀ ਰੀਤ ਬਰ-ਕਰਾਰ ਰਖਦਿਆਂ, ਚੱਕ ਨਾਨਕੀ ਵਸਾਉਣ ਦਾ ਫ਼ੈਸਲਾ ਲਿਆ। ਸੰਮਤ 1722 ਬਿ: 29 ਹਾੜ( ਸੰਨ 1665ਈ) ਨੂੰ ਗੁਰੂ ਤੇਗ਼ ਬਹਾਦੁਰ ਜੀ ਨੇ, ਮਾਖੋਵਾਲ ਦੀ ਖ਼ਰੀਦੀ ਜ਼ਮੀਨ ਬਾਬਾ ਗੁਰਦਿੱਤਾ ਰੰਧਾਵਾ( ਸਪੁੱਤਰ ਬਾਬਾ ਬੁੱਢਾ ਜੀ) ਦੇ ਹਸਤ ਕਮਲਾਂ ਤੋਂ ਨਵੇਂ ਪਿੰਡ 'ਚੱਕ ਨਾਨਕੀ' ਦੀ ਨੀਂਹ ਰਖਵਾਈ।

ਉਸੇ ਸਮੇਂ, ਗੁਰੂ ਤੇਗ਼ ਬਹਾਦੁਰ ਜੀ ਨੇ ਭਾਈ ਮਤੀ ਦਾਸ ਜੀ ਨੂੰ ਗੁਰੂ ਘਰ ਦੇ ਪ੍ਰਬੰਧ ਵਿਚ ਵਿੱਤ ਵਿਭਾਗ ਦਾ ਦੀਵਾਨ ਤੇ ਭਾਈ ਸਤੀ ਦਾਸ ਜੀ ਨੂੰ ਲੰਗਰ-ਪਾਣੀ(ਰਸੋਈ) ਅਤੇ ਭਾਈ ਦਇਆਲਾ ਜੀ ਨੂੰ ਗੁਰੂ ਘਰ ਦੀ ਦੇਖ-ਰੇਖ ਦੀਆਂ ਜ਼ੁੰਮੇਵਾਰੀਆਂ ਦੀ ਸੌਂਪਣਾ ਕੀਤੀ। ਅਨੰਦਪੁਰ ਸਾਹਿਬ ਦੀ ਉਸਾਰੀ ਦੀ ਦੇਖ-ਰੇਖ ਦਾ ਕੰਮ ਦੀ ਸੌਂਪਣਾ ਵੀ ਭਾਈ ਮਤੀ ਦਾਸ ਜੀ ਨੂੰ ਹੀ ਕੀਤੀ ਗਈ। ਸੰਨ 1665ਈ ਤੋਂ ਸੰਨ 1670ਈ ਵਿਚਕਾਰ ਗੁਰੂ ਤੇਗ਼ ਬਹਾਦੁਰ ਜੀ ਦੀ ਧਰਮ ਪ੍ਰਚਾਰ ਲਈ ਪੂਰਬ ਦੀ ਯਾਤਰਾ ਸਮੇਂ ਭਾਈ ਮਤੀ ਦਾਸ ਜੀ ਗੁਰੂ ਕਾਫ਼ਲੇ ਦੇ ਮੈਂਬਰ ਬਣਾਏ ਗਏ ਸਨ। ਇਸ ਸਮੇਂ ਵਿਚ ਗੁਰੂ ਤੇਗ਼ ਬਹਾਦੁਰ ਜੀ ਦੀ ਇੱਛਾ ਅਨੁਸਾਰ, ਚੱਕ ਨਾਨਕੀ ਦੀ ਉਸਾਰੀ ਦੀ ਸੇਵਾ ਭਾਈ ਸਤੀ ਦਾਸ ਜੀ ਨੇ ਨਿਭਾਈ। ਕੁਝ ਸਮੇਂ ਬਾਅਦ, ਮਾਤਾ ਗੁਜਰੀ ਜੀ ਅਤੇ ਬਾਲ ਗੋਬਿੰਦ ਜੀ ਦੇ ਪਟਨਾ ਤੋਂ ਚੱਕ ਨਾਨਕੀ ਪੁਜਣ ਤੋਂ ਬਾਅਦ, ਇਸ ਵੱਸੋਂ ਦਾ ਨਾਮ ਅਨੰਦਪੁਰ ਹੋ ਗਿਆ।

ਗਿਆਨੀ ਗਰਜਾ ਸਿੰਘ ਜੀ ਦੀ ਇਤਿਹਾਸਕ ਖੋਜ ਅਨੁਸਾਰ, ਸੰਮਤ 1732ਬਿ:ਮਾਹ ਸਾਵਣ( 1675ਈ) ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ, ਕਸ਼ਮੀਰੀ ਪੰਡਿਤਾਂ ਦੇ ਫਰਿਆਦੀ ਜੱਥੇ ਦੀ ਬੇਨਤੀ ਮੰਨ ਕੇ ਉਨ੍ਹਾਂ ਦੇ ਤਿਲਕ ਅਤੇ ਜਨੇਊ ਦੀ ਰੱਖਿਆ ਲਈ ਆਪਾ ਵਾਰਨ ਦਾ ਸੰਕਲਪ ਲਿਆ। (ਗੁਰੂ) ਗੋਬਿੰਦ ਜੀ ਨੂੰ ਗੁਰਿਆਈ ਦਾ ਵਾਰਿਸ ਥਾਪ ਕੇ ਅਨੰਦਪੁਰ ਸਾਹਿਬ ਤੋਂ ਦਿੱਲੀ ਲਈ ਰਵਾਨਗੀ ਕੀਤੀ। ਗੁਰੂ ਤੇਗ਼

ਬਹਾਦੁਰ ਜੀ ਦੇ ਨਾਲ ਦਿੱਲੀ ਨੂੰ ਜਾਣ ਵਾਲੇ ਸਿੱਖਾਂ ਵਿਚ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੇ ਨਾਲ ਭਾਈ ਦਇਆਲਾ ਜੀ( ਭਾਈ ਦਇਆਲ ਦਾਸ ਜੀ ਤੀਜੇ ਸਿੱਖ ਸਨ। 12 ਜੁਲਾਈ ਸੰਨ 1675ਈ ਨੂੰ ਰੋਪੜ ਦੇ ਕੋਤਵਾਲ, ਨੂਰ ਮੁਹੰਮਦ ਖ਼ਾਨ ਮਿਰਜ਼ਾ ਨੇ ਗੁਰੂ ਤੇਗ਼ ਬਹਾਦੁਰ ਜੀ ਦੇ ਕਾਫਲੇ ਨੂੰ, ਪਿੰਡ ਮਲਿਕਪੁਰ ਰੰਗੜਾਂ, ਪ੍ਰਗਨਗਾ ਘਨੌਲਾ( ਰੋਪੜ) ਵਿਖੇ, ਬਿਨਾ ਕਿਸੇ ਕਸੂਰ ਹਿਰਾਸਤ ਵਿਚ ਲੈਂਦਿਆਂ ਗੁਰੂ ਤੇਗ਼ ਬਹਾਦੁਰ ਜੀ ਨੂੰ ਸਰਹਿੰਦ ਭੇਜ ਦਿੱਤਾ। ਜਿੱਥੇ, ਔਰੰਗਜ਼ੇਬ ਦੀ ਇੱਛਾ ਅਨੁਸਾਰ, ਸ਼ੇਖ ਅਹਿਮਦ ਸਰਹਿੰਦੀ ਦੇ ਵਾਰਿਸ ਸੈਫ਼ੁਦੀਨ ਸਰਹਿੰਦੀ ਨੂੰ ਗੁਰੂ ਤੇਗ਼ ਬਹਾਦੁਰ ਜੀ ਨੂੰ ਕਿਸੇ ਹੀਲੇ ਵੀ ਇਸਲਾਮ ਕਬੂਲ ਕਰਵਾਉਣ ਦੀ ਜ਼ੁੰਮੇਵਾਰੀ ਸੌਂਪੀ ਗਈ। ਸੈਫ਼ੁਦੀਨ ਸਰਹਿੰਦੀ ਇਕ ਕੱਟੜ ਤੇ ਮੁਤੱਸਬੀ ਧਾਰਮਿਕ ਪ੍ਰਚਾਰਕ ਸੀ। ਬਾਦਸ਼ਾਹ ਵੱਲੋਂ ਸੌਂਪੇ ਗਏ ਮਿਸ਼ਨ ਦੀ ਪੂਰਤੀ ਲਈ ਉਸ ਨੇ ਗੁਰੂ ਤੇਗ਼ ਬਹਾਦੁਰ ਜੀ ਨੂੰ ਭਰਮਾਉਣ ਲਈ, ਕੀ ਕੀ ਹਥਕੰਡੇ ਅਪਣਾਏ ਹੋਣਗੇ, ਬਾਦਸ਼ਾਹ ਦੇ ਜ਼ੁਲਮਾਂ ਤੋਂ ਵਾਕਿਫ ਇਤਿਹਾਸਕਾਰ, ਉਨ੍ਹਾਂ ਦਾ ਜ਼ਿਕਰ ਕਰਨਾ/ਜਾਂ ਲਿਖਣ ਤੋਂ ਵੀ ਕਤਰਾਂਦੇ ਸਨ।

ਗੁਰੂ ਕਾਫ਼ਲੇ ਦੇ ਰਹਿੰਦੇ ਤਿੰਨ ਸਾਥੀਆਂ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਇਆਲਾ ਜੀ ਨੂੰ ਬੱਸੀ ਪਠਾਣਾਂ ਵਿਖੇ ਭੇਜਿਆ ਗਿਆ। ਜ਼ਾਲਿਮ ਹਾਕਮ ਦੇ ਅਹਿਲਕਾਰਾਂ ਨੇ, ਤਿੰਨ ਮਹੀਨਿਆਂ ਤੋਂ ਵੱਧ ਸਮੇਂ ਵਿਚ, ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਦੇ ਸਿੱਖਾਂ ਨਾਲ, ਬੰਦੀ ਖਾਨਿਆਂ ਵਿਚ ਇਖ਼ਲਾਕ ਤੋਂ ਗਿਰੀਆਂ ਕੀ ਕੀ ਘਟੌਨੀਆਂ ਹਰਕਤਾਂ ਕੀਤੀਆਂ ਹੋਣਗੀਆਂ, ਇਤਿਹਾਸਕਾਰਾਂ ਦੀ ਚੁੱਪ ਉਨ੍ਹਾਂ ਦੇ ਜ਼ਹਿਨੀ ਡਰ ਦੀ ਪੁਸ਼ਟੀ ਕਰਦੀ ਹੈ। ਗੁਰੂ ਤੇਗ ਬਹਾਦੁਰ ਜੀ ਅਤੇ ਸਿੱਖਾਂ ਨੂੰ ਇਸਲਾਮ ਕਬੂਲ ਕਰਵਾਉਣ ਲਈ ਜਾਗੀਰਾਂ ਦੇ ਲਾਲਚ, ਆਹੁਦੇ ਅਤੇ ਇਨਕਾਰ ਦੀ ਸੂਰਤ ਵਿਚ, ਮੌਤ ਦੇ ਡਰ ਨਾਲ ਡਰਾਉਣ ਅਤੇ ਭਿਆਨਕ ਤਸੀਹੇ ਆਦਿ ਦੇ ਵੱਖ ਵੱਖ, ਜਾਇਜ਼/ ਨਾਜਾਇਜ਼ ਤਰੀਕੇ ਅਪਣਾਏ ਗਏ। ਅਹਿਲਕਾਰਾਂ ਦੁਆਰਾ ਨਾਕਾਮ ਕੋਸ਼ਿਸ਼ਾਂ ਵਿਚ ਅਸਫਲਤਾ ਤੋਂ ਬਾਅਦ, ਗੁਰੂ ਕਾਫਲੇ ਨੂੰ ਦੋਵੇਂ ਥਾਵਾਂ ਤੋਂ ਇਕ ਸਥਾਨ ਤੇ ਇਕੱਤਰ ਕਰਨ ਬਾਅਦ, ਫ਼ੌਜੀ ਦਸਤੇ ਦੀ ਹਿਫ਼ਾਜ਼ਤ ਵਿਚ ਆਗਰਾ ਰਾਹੀਂ ਦਿੱਲੀ ਲਈ ਰਵਾਨਾ ਕੀਤਾ ਗਿਆ। ਆਗਰਾ ਦੇ ਸਿਕੰਦਰਾ ਇਲਾਕੇ ਦੇ ਪਿੰਡ ਕਕਰੇਟਾ ਵਿਖੇ ਗੁਰੂ ਕਾਫ਼ਲੇ ਨੂੰ ਨੌ ਦਿਨ ਰੱਖ ਕੇ ਦਿੱਲੀ ਵਾਸਤੇ ਰਵਾਨਾ ਕੀਤਾ ਗਿਆ। ( ਕਕਰੇਟਾ ਪਿੰਡ ਦੇ ਜਿਸ ਸਥਾਨ ਤੇ ਗੁਰੂ ਜੀ ਨੂੰ ਠਹਿਰਾਇਆ ਗਿਆ ਸੀ, ਅੱਜਕਲ੍ਹ ਇਕ ਸੁੰਦਰ ਗੁਰੂਦੁਆਰਾ ''ਗੁਰੂ ਕਾ ਤਾਲ'' ਸੁਭਾਇਮਾਨ ਹੈ।

ਗੁਰੂ ਕਾਫਲਾ ਦਿੱਲੀ ਪੁਜਣ ਸਮੇਂ ਔਰੰਗਜ਼ੇਬ ਦਿੱਲੀ ਵਿਚ ਨਹੀਂ ਸੀ। ਉਹ ਹਸਦ ਅਬਦਾਲ ਵਿਖੇ ਪਠਾਣਾਂ ਦੀ ਬਗ਼ਾਵਤ ਨਾਲ ਨਜਿਠ ਰਿਹਾ ਸੀ। ਬਾਦਸ਼ਾਹ ਦੇ ਆਦੇਸ਼ ਅਨੁਸਾਰ, ਦਿੱਲੀ ਵਿਖੇ, ਭਾਈ ਦਇਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨੂੰ ਗੁਰੂ ਤੇਗ਼ ਬਹਾਦੁਰ ਜੀ ਦੇ ਨਾਲ ਹੀ ਕੋਤਵਾਲੀ ਵਿੱਚ ਬੰਦੀ ਬਣਾ ਲਿਆ ਗਿਆ। ਗੁਰੂ ਤੇਗ਼ ਬਹਾਦੁਰ ਜੀ ਨੂੰ ਇਕ ਅਲਗ ਕਮਰੇ ਵਿਚ ਅਤੇ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੇ ਨਾਲ ਭਾਈ ਦਇਆਲਾ ਜੀ ਨੂੰ ਵੀ, ਅਲਗ ਕਮਰੇ ਵਿਚ ਰੱਖ ਕੇ ਇਸਲਾਮ ਕਬੂਲ ਕਰਨ ਦੀ ਇਵਜ਼ ਵਿਚ ਭਾਰੀ ਇਨਾਮ, ਜਾਗੀਰਾਂ ਅਤੇ ਆਹੁਦਿਆਂ ਦੇ ਲਾਲਚ ਦਿੱਤੇ ਗਏ। ਸਰਕਾਰੀ ਹੱਥ ਕੰਡਿਆਂ ਦਾ ਕੋਈ ਚਾਰਾ ਨਾ ਚਲਦਿਆਂ ਵੇਖ ਕਾਜ਼ੀ ਅਬਦੁਲ ਵਹਾਬ ਬੋਰਾ ਨੇ ਤਿੰਨਾਂ ਸਿੱਖਾਂ ਤੇ ਮਾਨਸਿਕ ਦਬਾਅ ਪਾਉਣ ਲਈ, ਗੁਰੂ ਤੇਗ਼ ਬਹਾਦੁਰ ਜੀ ਨੂੰ ਪਿੰਜਰੇ ਵਿਚ ਬੰਦੀ ਬਣਾਉਣ ਦੀ ਹਿਦਾਇਤ ਕੀਤੀ।ਗੁਰੂ ਸਾਹਿਬ ਜਾਣਦੇ ਸਨ ਕਿ ਹਾਕਮ ਦੇ ਅਹਿਲਕਾਰਾ ਸਹੀ ਗਲਤ ਤਰੀਕਿਆਂ ਨਾਲ ਦਬਾਅ ਪਾ ਕੇ ਭਰਮਾਉਣ ਦੇ ਜਤਨ ਕਰਨਗੇ। ਬਦਲੇ ਹਾਲਾਤਾਂ ਵਿਚ ਗੁਰੂ ਤੇਗ਼ ਬਹਾਦੁਰ ਜੀ ਸ਼ਾਂਤ ਚਿੱਤ ਹੀ ਰਹੇ। ਗੁਰੂ ਤੇਗ਼ ਬਹਾਦੁਰ ਜੀ ਤੇ ਦਬਾਅ ਬਣਾਉਣ ਲਈ, ਗੁਰੂ ਜੀ ਦੇ ਪਿੰਜਰੇ ਦੇ ਸਾਹਮਣੇ ਤਿੰਨੋਂ ਸਿੱਖਾਂ ਨੂੰ ਤਸੀਹੇ ਦੇਣਾ ਆਰੰਭ ਕਰ ਦਿੱਤਾ। ਭਾਈ ਮਤੀ ਦਾਸ ਜੀ ਨੂੰ, ਗੁਰੂ ਤੇਗ਼ ਵਹਾਦੁਰ ਜੀ ਦੀਆਂ ਅੱਖੀਆਂ ਦੇ ਸਾਹਮਣੇ, ਦੋ ਸ਼ਤੀਰਾਂ ਵਿਚ ਬੰਨ੍ਹ ਕੇ ਆਰੇ ਨਾਲ ਚੀਰੇ ਜਾਣ ਦੀ ਸਜ਼ਾ ਸੁਣਾਈ। ਭਾਈ ਸਾਹਿਬ ਨੇ ਉਸ ਸਜ਼ਾ ਨੂੰ ਜਿਸ ਬਹਾਦਰੀ ਨਾਲ ਅੰਜਾਮ ਦਿੱਤਾ, ਦਿੱਲੀ ਦਿਆਂ ਲੋਕਾਂ ਨਾ ਵੇਖਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਜ਼ਿੰਦਾ ਸਾੜਿਆ ਗਿਆ। ਸਰਕਾਰੀ ਅਹਿਲਕਾਰਾਂ ਨੇ ਦੋ ਸਿੱਖਾਂ ਦੇ ਸਿਦਕ ਦੀ ਜੀਉਂਦੀ ਜਾਗਦੀ ਮਿਸਾਲ ਦੇਖਣ ਨੂੰ ਮਿਲੀ। ਹੁਣ, ਭਾਈ ਦਇਆਲਾ ਜੀ ਨੂੰ ਆਪਣੇ ਅਕੀਦੇ ਦੇ ਪੱਕੇ ਵੇਖ ਕਾਜ਼ੀ ਅਬਦੁਲ ਵਹਾਬ ਬੋਰਾ ਨੇ ਭਾਈ ਦਇਆਲਾ ਜੀ ਨੂੰ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਤੋਂ ਵੀ ਭਿਅੰਕਰ ਸਜ਼ਾਵਾਂ ਦੇਣ ਦਾ ਮਨ ਬਣਾਇਆ। ਅਨੇਕਾਂ ਵਿਉਂਤਾ ਸੋਚਨ ਮਗਰੋਂ ਫੈਸਲਾ ਹੋਇਆ ਕਿ ਭਾਈ ਦਇਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ਼ ਵਿਚ ਬਿਠਾ ਕੇ ਤੜਪਾਇਆ ਜਾਏ ਤਾਂ ਜੋ ਪੀੜਾ ਤੋਂ ਵਿਆਕੁਲ ਹੋ ਕੇ ਉਹ ਆਪਣੇ ਗੁਰੂ ਤੋਂ ਬਾਗ਼ੀ ਹੋ ਜਾਣ ਤੇ ਇਸਲਾਮ ਕਬੂਲ ਕਰ ਲੈਣ।

ਭਾਈ ਦਇਆਲਾ ਜੀ ਨੂੰ ਕੋਤਵਾਲੀ ਦੇ ਕਮਰੇ ਚੋਂ ਬਾਹਰ ਲਿਆਂਦਾ ਗਿਆ। ਗੁਰੂ ਜੀ ਦੇ ਪਿੰਜਰੇ ਦੇ ਲਾਗਿਉਂ ਲੰਘਦਿਆਂ, ਭਾਈ ਦਇਆਲਾ ਜੀ ਨੇ ਆਉਣ ਵਾਲੇ ਸਮੇਂ ਨੂੰ ਮੁੱਖ ਰਖਦਿਆਂ, ਗੁਰੂ ਜੀ ਨੂੰ ਆਖਰੀ ਨਮਸਕਾਰ ਕੀਤੀ। ਗੁਰੂ ਤੇਗ਼ ਬਹਾਦੁਰ ਜੀ ਨੇ ਵੀ ਆਪਣੇ ਨੈਣਾਂ ਥਾਣੀ ਆਪਣੇ ਸਿਦਕੀ ਸੇਵਕ

ਪ੍ਰਤੀ ਅਸੀਸਾਂ ਦੀ ਛਹਿਬਰ ਵਰ੍ਹਾ ਦਿੱਤੀ। ਕਾਜ਼ੀ ਬੋਰਾ ਨੇ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੀਆਂ ਸ਼ਹਾਦਤਾਂ ਦਾ ਹਵਾਲਾ ਦਿੰਦਿਆਂ ਭਾਈ ਦਇਆਲਾ ਜੀ ਨੂੰ ਡਰਾਉਣ ਦੇ ਮਕਸਦ ਨਾਲ ਕਿਹਾ ਕਿ ਅਜੇ ਵੀ ਵਕਤ ਹੈ, ਆਪਣੇ ਗੁਰੂ ਦਾ ਸਾਥ ਛਡ ਕੇ ਇਸਲਾਮ ਕਬੂਲ ਕਰ ਲੈ। ਭਾਈ ਦਇਆਲਾ ਜੀ ਨੇ ਕਾਜ਼ੀ ਨੂੰ ਗੁਰਬਾਣੀ ਦੇ ਮਹਾਵਾਕ"

**'ਮਰਣੈ ਕੀ ਚਿੰਤਾ ਨਹੀਂ ਜੀਵਣ ਕੀ ਨਹੀ ਆਸ'॥**
**ਸਿਰੀ ਰਾਗ ਮਹਲਾ ੧, ਅੰਗ ੨੦**

ਉਚਾਰਦਿਆਂ ਕਿਹਾ ਕਿ " ਮੈਂ ਨਾ ਤਾਂ ਮੈਂ ਲੰਬੀ ਉਮਰ ਦੀਆਂ ਆਸਾਂ ਹੀ ਕਰਦਾ ਹਾਂ ਤੇ ਨਾ ਹੀ ਮੈਨੂੰ ਮੌਤ ਦਾ ਡਰ ਸਤਾਉਂਦਾ ਹੈ।" ਇਸ ਤੇ ਕਾਜ਼ੀ ਦਾ ਕਹਿਣਾ ਸੀ, ਜੇ ਤੂੰ ਆਪਣੇ ਗੁਰੂ ਦਾ ਸਾਥ ਛੱਡ ਦਏਂ ਤਾਂ, ਤੈਨੂੰ ਮਾਲਾਮਾਲ ਕਰ ਦਿੱਤਾ ਜਾਏਗਾ। ਤੂੰ ਆਪਣੀ ਬਚੀ ਹੋਈ ਜ਼ਿੰਦਗੀ ਆਰਾਮ ਵਿਚ ਬਿਤਾ ਸਕੇਂ ਗਾ। ਮੈਂ ਤੈਨੂੰ ਯਕੀਨ ਦਿਵਾਂਦਾ ਹਾ ਕਿ ਤੂੰ ਜੀਉਂਦਿਆਂ ਵੀ ਜੱਨਤ ਵਿਚ ਰਹੇਂਗਾ ਤੇ ਮਰਨ ਤੋਂ ਬਾਅਦ ਜਨੱਤ ਵਿਚ ਜਾਏਂਗਾ। ਭਾਈ ਦਇਅਲਾ ਜੀ ਨੇ ਕਾਜ਼ੀ ਨੂੰ ਤਨਜ਼ ਲਹਿਜੇ ਵਿਚ ਕਿਹਾ, ਕੀ ਤੂੰ ਸੱਚਮੁਚ ਜਾਣਦਾ ਏਂ ਕਿ ਹੋਰ ਕਿਤਨੇ ਸਮਾਂ ਤੂੰ ਜੀਣਾ ਹੈ? ਜੇ ਨਹੀਂ ਤਾਂ ਮੇਰੀ ਲੰਬੀ ਜ਼ਿੰਦਗੀ ਦਾ ਭਰੋਸਾ ਕਿਵੇਂ ਦੇ ਸਕਦਾ ਏਂ? ਰਹੀ ਦੌਲਤ ਦੀ ਗੱਲ, ਤੂੰ ਦੁਨਿਆਵੀ ਦੌਲਤ ਨੂੰ ਅਸਲੀ ਦੌਲਤ ਮੰਨਦਾ ਏ। ਮੈਂ ਰੂਹਾਨੀ ਦੌਲਤ ਨੂੰ ਆਪਣਾ ਸਰਮਾਇਆ ਜਾਣਿਆ ਹੈ। ਗੁਰਬਾਣੀ ਦਾ ਹਵਾਲਾ ਦਿੰਦਿਆਂ, ਦੁਨਿਆਵੀ ਦੌਲਤ ਬਾਰੇ,

**"ਮਾਲ ਲੇਉ ਤਉ ਦੋਜ਼ਕਿ ਪਰਉ॥**
**ਦੀਨੁ ਛੋਡਿ ਦੁਨੀਆ ਕਉ ਭਰਉ॥"**
**ਭੈਰਊ ਭਗਤ ਨਾਮਦੇਵ ਜੀ ਅੰਗ ੧੧੬੫ ਸ੍ਰ ਗੁ ਗ ਸਾ**

ਕਾਜ਼ੀ ਨੂੰ ਕਿਹਾ ਕਿ ਐ ਕਾਜ਼ੀ ਤੂੰ ਤਾਂ ਧਾਰਮਿਕ ਆਗੂ ਹੈਂ, ਤੈਨੂੰ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਦੌਲਤ ਵਾਸਤੇ ਆਪਣਾ ਧਰਮ ਛੋੜਨਾ, ਬੰਦੇ ਨੂੰ ਦੋਜ਼ਖ਼ ਦਾ ਭਾਗੀ ਬਣਾਉਂਦਾ ਹੈ। ਮੇਰੀ ਸਮਝ ਅਨੁਸਾਰ,ਹਿੰਦੂ ਅਤੇ ਮੁਸਲਮਾਨਾਂ ਸਹਿਤ ਹੋਰ ਧਰਮਾਂ ਦੇ ਬੰਦੇ ਵੀ ਇੱਕ ਰਸਤੇ ਤੋਂ ਹੀ ਦੁਨੀਆਂ ਵਿੱਚ ਆਉਂਦੇ ਹਨ। ਫ਼ਿਰ ਤਾਂ ਅਸੀਂ ਸਾਰੇ ਇੱਕੋ ਜਿਹੇ ਹੀ ਹੋਏ। ਗੁਰਬਾਣੀ ਮਹਾਵਾਕ

**"ਹਿੰਦੂ ਤੁਰਕ ਕਹਾਂ ਤੇ ਆਏ, ਕਿਨਿ ਏਹ ਰਾਹ ਚਲਾਈ॥**
**ਦਿਲ ਮਹਿ ਸੋਚਿ ਬੀਚਾਰਿ ਕਵਾਦੇ ਭਿਸਤ ਦੋਖਕ ਕਿਨਿ ਪਾਈ"॥੧॥ ਅੰਗ ੪੭੭**

ਦੁਹਰਾਉਂਦਿਆਂ ਭਾਈ ਸਾਹਿਬ ਨੇ ਕਾਜ਼ੀ ਨੂੰ ਕਿਹਾ "ਜੇ ਤੂੰ ਸਮਝਦਾ ਏਂ ਕਿ ਮੁਸਲਮਾਨ ਹੋਣ ਨਾਲ ਸਵਰਗ ਮਿਲੇਗਾ ਤਾਂ ਭੁਲੇਖਿਆਂ ਵਿਚ ਜੀਅ ਰਿਹਾ ਹੈਂ। ਇਹ ਜਾਣ ਲੈ ਕਿ ਦੁਨੀਆਂ ਵਿੱਚ ਰਹਿੰਦਿਆ ਅਸੀਂ ਜੋ ਅਮਲ ਕਰਦੇ ਹਾਂ, ਸਵਰਗ ਨਰਕ ਉਨ੍ਹਾਂ ਕਰਮਾਂ ਦਾ ਫ਼ਲ ਹੁੰਦਾ ਹੈ। ਰਿਸ਼ਵਤ ਤੇ ਲਾਲਚ ਦਾ ਵਤੀਰਾ ਤੇਰੇ ਵਰਗੇ ਨੂੰ ਹੀ ਮੁਬਾਰਕ। ਗੁਰੂ ਕਾ ਸਿੱਖ ਆਪਣੇ ਅਕੀਦੇ ਤੇ ਪੱਕਾ ਰਹਿੰਦਿਆਂ ਆਪਣੇ ਮਾਲਿਕ ਦੀ ਰਜ਼ਾ,

**"ਮੀਤ ਕਰੈ ਸੋਈ ਹਮ ਮਾਨਾ॥**
**ਮੀਤ ਕੇ ਕਰਤਬ ਕੁਸਲ ਸਮਾਨਾ॥"**
**ਅੰਗ ੧੮੭ਸ੍ਰੀ ਗੁ ਗ੍ਰ ਸਾ**

ਵਿੱਚ ਆਪਣੀ ਖ਼ੁਸ਼ੀ ਸਮਝਦਾ ਹੈ। ਰਹੀ ਮੌਤ ਦੀ ਗੱਲ ਉਹ ਇਕ ਨਾ ਇਕ ਦਿਨ ਤਾਂ ਆਉਂਦੀ ਹੀ ਹੈ। ਦਰਅਸਲ, ਮੌਤ ਤੋਂ ਡਰਨ ਵਾਲਾ ਇੱਕ ਕਾਇਰ ਤੇ ਬੁਜ਼ਦਿਅਲ ਹੁੰਦਾ ਹੈ। ਭਾਈ ਦਇਆਲਾ ਜੀ ਦੇ ਸ਼ਬਦ ਸੁਣ ਕੇ ਕਾਜ਼ੀ ਅਬਦੁਲ ਵਹਾਬ ਬੋਰਾਂ ਦਾ ਦਿਲ ਬੈਠ ਗਿਆ। ਗੁਰੂ ਦੇ ਇੱਕ ਹੋਰ ਸਿੱਖ ਨੇ ਉਸ ਦਿਆਂ ਮਨਸੂਬਿਆਂ ਤੇ ਪਾਣੀ ਫੇਰ ਦਿੱਤਾ। ਬਾਦਸ਼ਾਹ ਕੋਲੋਂ ਇਨਾਮ ਪ੍ਰਾਪਤ ਕਰਨ ਦੀ ਲਾਲਸਾ ਦਿਲ ਵਿਚ ਹੀ ਰਹਿ ਗਈ। ਭਾਈ ਦਇਆਲਾ ਜੀ ਦੇ ਜਵਾਬ ਤੋਂ ਖਿੱਝ ਕੇ ਕਾਜ਼ੀ ਅਬਦੁਲ ਵਹਾਬ ਬੋਰਾ ਨੇ ਪਹਿਲਾਂ ਤੋਂ ਕੀਤੇ ਫੈਸਲੇ ਅਨੁਸਾਰ, ਫਰਮਾਨ ਜਾਰੀ ਕਰ ਦਿੱਤਾ ਕਿ "ਭਾਈ ਦਇਆਲਾ ਜੀ ਦੇ ਸਰੀਰ ਵਿਚ ਜਦ ਤਕ ਜਾਨ ਨਜ਼ਰ ਆਏ, ਉਨ੍ਹਾਂ ਨੂੰ ਭਖ਼ਵੀ ਅੱਗ ਉੱਤੇ ਪਾਣੀ ਦੀ ਦੇਗ਼ ਵਿਚ ਉਬਾਲਿਆ ਜਾਏ।"

ਸਿੱਖੀ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੁਆਰਾ ਅਦੱਤੀ ਸ਼ਹਾਦਤਾਂ ਅੰਜਾਮ ਦੇਣ ਦੇ ਵਿਚੱਤਰ ਨਜ਼ਾਰੇ ਦੇਖਣ ਦਾ ਢੰਡੋਰਾ ਸਾਰੇ ਸ਼ਹਿਰ ਵਿਚ ਪਹਿਲਾਂ ਤੋਂ ਦਿੱਤਾ ਜਾ ਚੁਕਿਆ ਸੀ। ਜੀਉਂਦੇ ਇਨਸਾਨ ਨੂੰ ਦੇਗ਼ ਵਿਚ ਉਬਲਦਾ ਦੇਖਣ ਦੇ ਚਾਹਵਾਨ ਸੈਂਕੜੇ ਲੋਕ ਇਕੱਤਰ ਹੋਏ ਸਨ। ਕਾਜ਼ੀ ਵੱਲੋਂ ਆਖ਼ਰੀ ਇੱਛਾ ਪੁੱਛੇ ਜਾਣ ਤੇ, ਭਾਈ ਦਇਆਲਾ ਜੀ ਨੇ ਵੀ ਆਪਣੇ ਗੁਰੂ ਵੱਲ ਮੂੰਹ ਕਰ ਕੇ ਸ਼ਹਾਦਤ ਅੰਜਾਮ ਦੇਣ ਨੂੰ ਆਪਣੀ ਅੰਤਮ ਇੱਛਾ ਦਾ ਸੰਕਲਪ ਦਸਿਆ। ਆਪਣੇ ਇਸ਼ਟ ਵੱਲ ਮੂੰਹ ਕਰਦਿਆਂ ਸਾਰ, ਭਾਈ ਦਇਆਲਾ ਜੀ ਨੇ ਵੀ ਪਾਵਨ ਜਪੁ ਬਾਣੀ ਦਾ ਜਾਪ ਆਰੰਭ ਕਰ, ਉਬਲਦੀ ਦੇਗ ਵਿਚ ਬਹਿ ਕੇ ਸਮਾਧੀ ਵਿਚ ਲੀਨ ਹੋ ਆਪਣੀ ਬਿਰਤੀ ਗੁਰੂ ਚਰਨਾ ਵਿਚ ਜੋੜ ਲਈ। ਮੌਕੇ ਤੇ ਇਕੱਤਰ ਭੀੜ ਨੇ ਵੇਖਿਆ ਕਿਵੇਂ ਕੁਝ ਸਮੇਂ ਬਾਅਦ, ਭਾਈ ਦਇਆਲਾ ਜੀ ਦੇ ਸਰੀਰ ਤੇ ਛਾਲੇ ਉਭਰਨੇ ਆਰੰਭ ਹੋ ਗਏ। ਦੇਖਦੇ ਹੀ ਦੇਖਦੇ ਭਾਈ ਸਾਹਿਬ ਦੇ ਸਰੀਰ ਦੇ ਅੰਗ ਉਧੜਨੇ ਵੀ ਆਰੰਭ ਹੋ ਗਏ। ਪੀੜ ਨਾਲ ਉਫ ਕਰਨ ਦੀ ਥਾਂ ਭਾਈ ਦਇਆਲਾ ਜੀ ਦੇ ਦਿਲ ਚੋਂ ਮੌਤ ਦਾ ਡਰ ਕੋਹਾਂ ਦੂਰ ਜਾ ਚੁੱਕਿਆ ਸੀ। ਲੋਕਾਂ ਨੂੰ ਜੋ ਦਿਸ ਰਿਹਾ ਸੀ, ਉਹ ਤਾਂ ਹੱਡ ਮਾਸ ਦਾ ਪੁਤਲਾ ਸੀ। ਭਾਈ ਦਇਆਲਾ ਜੀ ਦੀ ਆਤਮਾ ਤਾਂ ਸਦੀਵੀ ਪ੍ਰਕਾਸ਼ ਵਿਚ ਸਮਾ, ਆਪਣੇ ਸ਼ਾਹ ਨਾਲ ਇੱਕ-ਮਿੱਕ ਹੋ ਈਦ ਮਨਾ ਰਹੀ ਸੀ।

ਇਹ ਇਕ ਅਟਲ ਸਚਾਈ ਹੈ ਕਿ ਧਰਮ ਲਈ ਸ਼ਹੀਦ ਹੋਣ ਵਾਲਿਆਂ ਦੀਆਂ ਕੁਰਬਾਨੀਆਂ ਮੋਈਆਂ ਕੌਮਾਂ ਨੂੰ ਸੁਰਜੀਤ

ਕਰਨ ਦਾ ਕੰਮ ਕਰਦੀਆਂ ਹਨ। ਦੇਖਣ ਵਾਲਿਆਂ ਤਕਿਆ, ਕਿਸ ਬਹਾਦਰੀ ਨਾਲ ਗੁਰੂ ਦਿਆਂ ਤਿੰਨ ਸਿੱਖਾਂ ਨੇ ਜਪੁ ਜੀ ਸਾਹਿਬ ਦਾ ਪਾਠ ਕਰਦਿਆਂ, ਗੁਰ ਭਗਤੀ ਦੇ ਇਮਤਿਹਾਨ ਵਿਚ, ਸ਼ਾਂਤੀ ਪੂਰਵਕ ਤਰੀਕੇ ਨਾਲ ਹੋਰਨਾਂ ਦੇ ਧਰਮ ਅਧਿਕਾਰਾਂ ਦੀ ਰੱਖਿਆ ਲਈ ਜਾਨਾਂ ਵਾਰਨ ਦੀ ਅਦੁੱਤੀ ਮਿਸਾਲ ਪੇਸ਼ ਕਰ ਦਿਖਾਈ। ਜ਼ੁਲਮ ਦੀ ਇਨਤਹਾਂ ਵਿਚ ਇਨ੍ਹਾਂ ਸਿੱਖਾਂ ਦੇ ਰੋਮ ਰੋਮ ਚੋਂ ਵੀ ਜਪੁਜੀ ਸਾਹਿਬ ਦਾ ਉਚਾਰਨ ਜਾਰੀ ਰਿਹਾ।

ਗੁਰੂ ਤੇਗ਼ ਬਹਾਦੁਰ ਸਾਹਿਬ ਨੂੰ ਇਸਲਾਮ ਕਬੂਲ ਨਾ ਕਰਨ ਦੇ ਨਿਸ਼ਚੈ ਤੇ ਅਕੀਦੇ ਉੱਤੇ ਅਟਲ ਦੇਖ਼ ਕੇ, ਕਾਜ਼ੀ ਅਬਦੁਲ ਵਾਹਾਬ ਬੋਰਾ ਨੇ ਆਪਣਾ ਫ਼ਤਵਾ ਸੁਣਾ ਦਿੱਤਾ। ਗੁਰੂ ਸਾਹਿਬ ਨੇ ਸਵੇਰੇ ਸੀਸ ਗੰਜ ਸਾਹਿਬ ਦੇ ਨਾਲ ਖੂਹ ਦੇ ਪਾਣੀ ਨਾਲ ਇਸ਼ਨਾਨ ਕਰ ਜਪੁਜੀ ਸਾਹਿਬ ਦਾ ਪਾਠ ਕਰਨ ਮਗਰੋਂ, 11 ਨਵੰਬਰ ਸੰਨ 1675 ਨੂੰ (ਮੱਘਰ ਸੁਦੀ 5 ਸੰਮਤ 1732 ਨੂੰ) ਹਿੰਦ ਦੀ ਚਾਦਰ, ਗੁਰੂ ਤੇਗ਼ ਬਹਾਦੁਰ ਜੀ ਨੇ ਕਮਜ਼ੋਰ ਦਿਆਂ ਹੱਕਾਂ ਦੀ ਰਾਖੀ ਲਈ, ਤਾਕਤਵਰ ਦੇ ਸਾਹਮਣੇ ਕਮਜ਼ੋਰ ਦੇ ਨਾਲ ਖੜੇ ਹੋ ਕੇ ਆਪਣੇ ਸੇਵਕਾਂ ਅਤੇ ਆਪਣੀ ਅਦੁੱਤੀ ਸ਼ਹਾਦਤ ਦੇ ਨਾਲ ਹਿੰਦੂ ਧਰਮ ਦੀ ਰਾਖੀ ਕੀਤੀ।

**"ਧਰਮ ਹੇਤ ਸਾਕਾ ਜਿਨਿ ਕੀਆ।**
**ਸੀਸੁ ਦੀਆ ਪਰ ਸਿਰਰੁ ਨ ਦੀਆ।"**

ਦੂਜਿਆਂ ਦੇ ਧਰਮ ਲਈ ਨਿੱਜੀ ਸ਼ਹਾਦਤ ਕਿਸੇ ਹੋਰ ਕੌਮ ਅਤੇ ਦੇਸ਼ ਦੇ ਇਤਿਹਾਸ ਵਿਚ ਨਹੀਂ ਮਿਲਦੀ। ਨਿਜੀ ਸੁਆਰਥ ਲਈ ਤਾਂ ਜਾਨਾਂ ਜਾਂਦੀਆਂ ਸੁਣਨ ਵਿਚ ਆਉਂਦੀਆਂ ਹਨ ਪਰ ਕਿਸੇ ਦੂਜੇ ਦੇ ਧਰਮ ਦੀ ਰੱਖਿਆ ਲਈ ਜਾਨ ਵਾਰਨੀ ਮਾਨਵੀ ਅਧਿਕਾਰਾਂ ਦੀ ਰਖਿਆ ਤੋਂ ਸਿਵਾ ਕੁਝ ਨਹੀਂ। ਇਸ ਤੁਲ ਮਿਸਾਲ ਕਿਸੇ ਹੋਰ ਇਤਿਹਾਸ ਵਿਚ ਨਹੀਂ ਮਿਲਦੀ।

ਆਰਥਿਕ ਜਾਂ ਸੀਮਿਤ ਮੁੱਦਿਆਂ ਲਈ ਹੋਈਆਂ ਜਾਂ ਹੋ ਰਹੀਆਂ ਕ੍ਰਾਂਤੀਆਂ, ਵਕਤ ਦੇ ਨਾਲ ਭੁਲਾ ਸਕਣ ਜਾਂ ਭੁੱਲ ਜਾਣ ਵਾਲਾ ਇਤਿਹਾਸ ਹੁੰਦਾ ਹੈ, ਪਰ ਜਦੋਂ ਮਨੁੱਖੀ ਕਲਿਆਣਕਾਰੀ ਉਦੇਸ਼ਾਂ ਨਾਲ ਕੁਰਬਾਨੀ ਦਿੱਤੀ ਜਾਂ ਕੀਤੀ ਜਾਏ ਤਾਂ ਅਜਿਹੀ ਕੁਰਬਾਨੀ ਇਤਿਹਾਸਕ ਯਾਦਗਾਰ (ਸਾਕਾ) ਬਣਨ ਦੀ ਸਮਰੱਥਾ ਰਖਦੀ ਹੈ। ਕੁਰਬਾਨੀ ਦੇ ਵੀ ਕਈ ਰੂਪ ਹੋ ਸਕਦੇ ਹਨ। ਜੇਕਰ, ਸਚਾਈ, ਕਿਸੇ ਸਿਧਾਂਤ, ਦੇਸ਼ ਜਾਂ ਕੌਮ ਖਾਤਰ ਜਾਨ ਕੁਰਬਾਨ ਕੀਤੀ ਜਾਏ ਤਾਂ ਉਹ ਕੁਰਬਾਨੀ ਸ਼ਹਾਦਤ ਦੇ ਨਾਮ ਨਾਲ ਜਾਣੀ ਜਾਂਦੀ ਹੈ। ਜਦੋਂ ਕੋਈ ਸ਼ਹਾਦਤ ਕੁਝ ਮਨੁੱਖਾਂ ਜਾਂ ਮਨੁੱਖਤਾ ਦੇ ਇਕ ਹਿੱਸੇ ਦੀ ਥਾਂ, ਸਮੁੱਚੀ ਲੋਕਾਈ ਦੀ ਪੈਰਵੀ ਕਰਦਿਆਂ, ਸਾਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਸਮਰੱਥ ਹੋਵੇ ਤਾਂ ਉਹ ਸ਼ਹਾਦਤ ਸ਼੍ਰੋਮਣੀ ਅਤੇ ਗੌਰਵਮਈ ਹੋ ਜਾਂਦੀ ਹੈ। ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਤੇ ਗੁਰੂ ਤੇਗ਼ ਬਹਾਦੁਰ ਜੀ ਅਤੇ ਤਿੰਨ ਅਨਿੰਨ ਸਿੱਖਾਂ ਦੁਆਰਾ ਦਿੱਤੀਆਂ ਸ਼ਹਾਦਤਾਂ ਹਿੰਦੂ ਧਰਮ ਦੇ ਤਿਲਕ ਅਤੇ ਜਨੇਊ ਦੀ ਰਾਖੀ ਲਈ ਕੀਤੀ ਕੁਰਬਾਨੀ ਸੀ। ਜਨੇਊ ਹਿੰਦੂ ਸਮਾਜ ਦੀ ਸਰਬ ਸਾਂਝੀ ਧਾਰਮਿਕ ਰਸਮ ਨਾ ਹੋ ਕੇ, ਹਿੰਦੁਸਤਾਨੀ ਸਮਾਜ ਦੀ ਇੱਕ ਸ਼੍ਰੇਣੀ ਦੇ ਮਰਦਾਂ ਲਈ ਰਾਖਵਾਂ ਕੀਤਾ ਗਿਆ ਸਿਲਸਿਲਾ ਹੈ। ਜਿਸ ਧਾਰਮਿਕ ਰੀਤੀ ਰਿਵਾਜ਼ ਵਿਚ ਗੁਰੂ ਤੇਗ਼ ਬਹਾਦੁਰ ਜੀ ਅਤੇ ਸਿੱਖ ਵਿਸ਼ਵਾਸ ਨਹੀਂ ਕਰਦੇ ਸਨ। ਗੁਰੂ ਤੇਗ਼ ਬਹਾਦੁਰ ਜੀ ਨੇ ਉਸ ਧਰਮ ਰੂਪੀ ਬੂਟੇ ਨੂੰ ਨਿੱਜੀ ਤੇ ਆਪਣੇ ਸਿੱਖਾਂ ਦੀ ਸ਼ਹਾਦਤ ਦੇ ਲਹੂ ਨਾਲ ਸਿੰਜ ਕੇ ਜੀਵਤ ਰੱਖਣ ਦਾ ਨਿਰਣਾ ਲਿਆ। ਇੰਝ ਕਰਨ ਲਗਿਆਂ, ਫਰਿਆਦੀ ਟੋਲੇ ਕੋਲੋਂ ਗੁਰੂ ਸਾਹਿਬ ਨੇ, ਨਾ ਤਾਂ ਉਸ ਦੇ ਟੋਲੇ ਦੇ ਕਿਸੇ ਸਾਥੀ ਦੇ ਖ਼ੂਨ ਦੀ ਮੰਗ ਕੀਤੀ ਤੇ ਨਾ ਹੀ ਟੋਲੇ ਦੇ ਮੁਖੀ ਨੂੰ ਧਰਮ ਸੰਕਟ ਵਿਚ ਪਾਉਣ ਲਈ ਕੋਈ ਹੋਰ ਸਵਾਲ ਹੀ ਪਾਇਆ। ਸੰਸਾਰ ਵਿਚ ਅਜਿਹੀ ਲਾਸਾਨੀ ਮਿਸਾਲ ਕਿਸੇ ਹੋਰ ਧਰਮ ਦੇ ਇਤਿਹਾਸ ਵਿਚ ਨਹੀਂ ਮਿਲਦੀ। ਜਿਨ੍ਹਾਂ ਦੇ ਧਰਮ ਦੀ ਰਾਖੀ ਕਰਨ ਵਾਸਤੇ ਇਹ ਸ਼ਹਾਦਤਾਂ ਦਿੱਤੀਆਂ ਗਈਆਂ ਸਨ, ਉਨ੍ਹਾਂ ਦੇ ਨਾਲ ਹੀ ਉਸ ਧਰਮ ਦਿਆਂ ਇਤਿਹਾਸਕਾਰਾਂ ਨੂੰ ਵੀ ਅਜਿਹੀਆਂ ਅਦੁੱਤੀ ਸ਼ਹਾਦਤਾਂ, ਇਤਨੀ ਜਲਦੀ ਭੁੱਲ ਜਾਣਗੀਆਂ। ਇਹ ਸਵਾਲ ਵਿਆਕੁਲ ਤਾਂ ਕਰਦਾ ਹੈ ਤੇ ਕਰਦਾ ਵੀ ਰਹੇਗਾ!

ਸਿੱਖ ਕੌਮ ਅਤੇ ਸਿੱਖ ਅਸੂਲਾਂ ਵਿਚ ਵਿਸ਼ਵਾਸ ਰੱਖਣ ਵਾਲੇ, ਅਪ੍ਰੈਲ 2021ਈ ਵਿੱਚ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਮਨਾ ਰਹੇ ਹਾਂ। ਕੌਮਾਂ ਦਾ ਇਤਿਹਾਸ ਕੌਮਾਂ ਨੂੰ ਵਿਰਸੇ ਨਾਲ ਜੋੜਨ ਦਾ ਸਾਧਨ ਹੁੰਦਾ ਹੈ। ਸਮੇਂ ਦੀ ਲੋੜ ਹੈ ਗੁਰੂ ਨਾਨਕ ਨਾਮ ਲੇਵਾਂ ਸੰਗਤਾਂ ਆਪਣੇ ਭਰਾਤਰੀ ਭਾਵ ਅਤੇ ਪੰਥਕ ਏਕਤਾ ਦੀ ਮਿਸਾਲ ਕਾਇਮ ਕਰਦਿਆਂ, ਇਸ ਮੌਕੇ ਤੇ ਗੁਰੂ ਤੇਗ਼ ਬਹਾਦੁਰ ਸਾਹਿਬ ਅਤੇ ਗੁਰੂ ਤੇਗ ਬਹਾਦੁਰ ਜੀ ਦੇ ਨਾਲ ਸ਼ਹੀਦੀਆਂ ਪਾਉਣ ਵਾਲੇ ਤਿੰਨ ਅਨਿੰਨ ਸਿੱਖਾਂ, ਜਿਨ੍ਹਾਂ ਨੇ ਗੁਰੂ ਸਾਹਿਬ ਦੁਆਰਾ ਦਰਸਾਏ ਰਾਹ ਤੇ ਚਲ ਕੇ ਅਦੁੱਤੀ ਕੁਰਬਾਨੀਆਂ ਦਾ ਇਤਿਹਾਸ ਰਚਿਆ, ਉਨ੍ਹਾਂ ਮਹਾਪੁਰਸ਼ਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰੇ, ਨਤਮਸਤਕ ਹੋਏ। ਅਜਿਹੇ ਧਰਮਵੀਰਾਂ ਦੀਆਂ ਜੀਵਨੀਆਂ ਅਤੇ ਕੁਰਬਾਨੀਆਂ ਨੂੰ ਯਾਦ ਕਰਨਾ ਗੁਰੂ ਤੇਗ਼ ਬਹਾਦੁਰ ਜੀ ਨੂੰ ਸਭ ਤੋਂ ਭਾਵਪੂਰਨ ਸ਼ਰਧਾਂਜਲੀ ਹੋਏਗੀ।

-ਰਾਜਿੰਦਰ ਸਿੰਘ ਜਾਲੀ
43240 ਲਾਈਟ ਹਾਊਸ ਪਲੇਸ,
ਸਾਊਥ ਰਾਇਡਿੰਗ, ਵਿਰਜੀਨੀਆ-20152, ਯੂ ਐਸ ਏ।

# ਗੁਰੂ ਤੇਗ਼ ਬਹਾਦਰ ਜੀ ਦੇ ਨਿਕਟਵਰਤੀ ਅਤੇ ਹਮਦਰਦ ਸ਼ਰਧਾਲੂ

(ਜਨਵਰੀ ਮਹੀਨੇ ਦੇ ਅੰਕ ਦਾ ਬਾਕੀ)

1699 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਨਾ ਕੀਤਾ ਤਾਂ ਇਹ ਵੀ ਚਉਪਤਿ ਰਾਇ ਤੋਂ ਚਉਪਾ ਸਿੰਘ ਹੋ ਗਿਆ। ਖ਼ਾਲਸੇ ਦੀ ਰਹਿਤ ਨਾਲ ਸੰਬੰਧਿਤ ਇਸ ਦਾ ਇਕ ਰਹਿਤਨਾਮਾ ਵੀ ਪ੍ਰਚਲਿਤ ਹੈ ਜਿਸ ਨੂੰ ਹਜ਼ੂਰੀ ਰਹਿਤਨਾਮਾ ਵੀ ਕਿਹਾ ਜਾਂਦਾ ਹੈ। ਭਾਵੇਂ ਕਿ ਇਸ ਰਹਿਤਨਾਮੇ ਵਿਚ ਰਲਾ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਜਿਸ ਤਰਾਂ ਨਾਲ ਸਿੱਖੀ ਰਹਿਤ ਪ੍ਰਗਟ ਕਰਨ ਲਈ ਗੁਰਬਾਣੀ ਦਾ ਸਹਾਰਾ ਲਿਆ ਗਿਆ ਹੈ ਉਹ ਇਸ ਦੇ ਮਹੱਤਵ ਵਿਚ ਵਾਧਾ ਕਰ ਦਿੰਦਾ ਹੈ। ਭਾਈ ਚਉਪਾ ਸਿੰਘ ਦਾ ਲਿਖਿਆ ਹੋਇਆ ਇਕ ਤਨਖ਼ਾਹਨਾਮਾ ਵੀ ਪ੍ਰਚਲਿਤ ਹੈ।

ਭਾਈ ਚਉਪਾ ਸਿੰਘ ਗੁਰੂ ਸਾਹਿਬਾਨ ਦਾ ਵਿਸ਼ਵਾਸਪਾਤਰ ਸੀ। ਇਸੇ ਕਰ ਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1705 ਵਿਚ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਮਨੀ ਸਿੰਘ ਜੀ ਦੇ ਨਾਲ ਇਸ ਨੂੰ ਵੀ ਗੁਰੂ-ਮਹਿਲਾਂ ਵਾਲੇ ਵਹੀਰ ਨਾਲ ਭੇਜ ਦਿੱਤਾ ਸੀ। ਇਸ ਦੇ ਲੰਮਾ ਸਮਾਂ ਦਿੱਲੀ ਰਹਿਣ ਦਾ ਜ਼ਿਕਰ ਮਿਲਦਾ ਹੈ। ਗੁਰੂ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਇਹ ਮਾਤਾ ਸੁੰਦਰੀ ਜੀ ਕੋਲ ਦਿੱਲੀ ਵਿਖੇ ਰਿਹਾ। ਜਦੋਂ ਪਾਲਿਤ ਅਜੀਤ ਸਿੰਘ ਵੱਡਾ ਹੋਇਆ ਤਾਂ ਇਹ ਉਸ ਦੇ ਜਥੇ ਵਿਚ ਸ਼ਾਮਲ ਹੋ ਗਿਆ ਜਿਸ 'ਤੇ, ਇਕ ਫ਼ਕੀਰ ਨੂੰ ਮਾਰਨ ਦੇ ਦੋਸ਼ ਵਿਚ, ਸ਼ਾਹੀ ਫ਼ੌਜਾਂ ਨੇ ਹਮਲਾ ਕਰ ਦਿੱਤਾ। 1724 ਵਿਚ ਪਾਲਿਤ ਅਜੀਤ ਸਿੰਘ ਨਾਲ ਜਿਹੜੇ 60 ਸਿੱਖ ਮਾਰ ਦਿੱਤੇ ਗਏ, ਭਾਈ ਚਉਪਾ ਸਿੰਘ ਉਹਨਾਂ ਵਿਚੋਂ ਇਕ ਸੀ। ਸਿੱਖੀ ਸੇਵਾ, ਰਹਿਤਨਾਮੇ ਦੇ ਲਿਖਾਰੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਖਿਡਾਵੇ ਵਜੋਂ ਇਸ ਨੂੰ ਯਾਦ ਕੀਤਾ ਜਾਂਦਾ ਹੈ।

**ਜਵੇਹਰ ਮੱਲ:** ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਇਹ ਬਨਾਰਸ ਦਾ ਮਸੰਦ ਸੀ। ਪੂਰਬ ਦੀ ਉਦਾਸੀ ਦੌਰਾਨ ਗੁਰੂ ਜੀ ਨੇ ਇਸ ਕੋਲ ਨਿਵਾਸ ਕੀਤਾ ਸੀ। ਇਸ ਸਫ਼ਰ ਦੌਰਾਨ ਗੁਰੂ ਜੀ ਦਾ ਘੋੜਾ ਸਿਰੀਧਰ ਬੀਮਾਰ ਹੋ ਗਿਆ ਸੀ ਜਿਸ ਨੂੰ ਉਹ ਇਸ ਕੋਲ ਛੱਡ ਕੇ ਅੱਗੇ ਚਲੇ ਗਏ ਸਨ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਆਦੇਸ਼ ਕੀਤਾ, "ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੂਫਾ ਸਿਰੀਧਰ ਨੋ ਦੇਣਾ ਸਿਰੀਧਰ ਜਿਤ ਵੇਲਾ ਚੰਗਾ ਹੋਵੇਗਾ ਤਾ ਪਟਣੇ ਪਹੁਚਾਇ ਦੇਣਾ।"[18]

**ਜੇਠਾ, ਭਾਈ:** ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਇਹ ਲਖਨੌਰ ਵਿਖੇ ਗੁਰੂ-ਘਰ ਦਾ ਪ੍ਰਚਾਰਕ ਸੀ। ਪੂਰਬ ਦੀ ਪ੍ਰਚਾਰ-ਯਾਤਰਾ ਉਪਰੰਤ ਜਦੋਂ ਗੁਰੂ ਤੇਗ਼ ਬਹਾਦਰ ਜੀ ਪਰਿਵਾਰ ਸਮੇਤ ਇੱਥੇ ਪੁੱਜੇ ਤਾਂ ਇਸ ਨੇ ਉਹਨਾਂ ਦੀ ਬਹੁਤ ਸੇਵਾ ਕੀਤੀ ਸੀ। ਗਿਆਨੀ ਗਿਆਨ ਸਿੰਘ ਇਸ ਨੂੰ ਅੰਬਾਲਾ ਪ੍ਰਗਣੇ ਦਾ ਮਸੰਦ ਦੱਸਦੇ ਹਨ।

**ਜੈਤਾ (ਜੀਵਨ ਸਿੰਘ) ਜੀ, ਭਾਈ:** ਭਾਈ ਜੈਤਾ ਗੁਰੂ ਤੇਗ਼ ਬਹਾਦਰ ਜੀ ਦਾ ਸ਼ਰਧਾਲੂ ਸਿੱਖ ਸੀ ਅਤੇ ਸਿੱਖ ਇਤਿਹਾਸ ਦੇ ਪੰਨਿਆ ਵਿਚ ਇਹ ਉਸ ਸਮੇਂ ਪ੍ਰਸਿੱਧੀ ਪ੍ਰਾਪਤ ਕਰ ਗਿਆ ਜਦੋਂ ਗੁਰੂ ਜੀ ਦੀ ਸ਼ਹਾਦਤ ਉਪਰੰਤ ਉਹਨਾਂ ਦਾ ਸੀਸ ਲੈ ਕੇ ਦਿੱਲੀ ਤੋਂ ਅਨੰਦਪੁਰ ਸਾਹਿਬ ਪੁੱਜਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੇ ਮਹਾਨ ਕਾਰਜ ਬਦਲੇ ਇਸ ਨੂੰ 'ਰੰਗਰੇਟਾ ਗੁਰੂ ਕਾ ਬੇਟਾ' ਵਜੋਂ ਸਨਮਾਨ ਪ੍ਰਦਾਨ ਕੀਤਾ। ਇਸ ਦੇ ਅਦੁੱਤੀ ਕਾਰਨਾਮੇ ਨੇ ਸਮੁੱਚੀ ਸਿੱਖ ਕੌਮ ਦੇ ਮਨ ਵਿਚ ਰੰਗਰੇਟੇ ਭਾਈਚਾਰੇ ਪ੍ਰਤਿ ਵਿਸ਼ੇਸ਼ ਸਤਿਕਾਰ ਪੈਦਾ ਕਰ ਦਿੱਤਾ।

ਭਾਈ ਜੈਤਾ ਇਕ ਸੂਰਬੀਰ ਯੋਧਾ ਅਤੇ ਸਿਰੜੀ ਸਿੱਖ ਸੀ ਜਿਸ ਨੇ ਗੁਰੂ-ਘਰ ਦੀ ਸੇਵਾ ਵਿਚ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਸੀ। ਮਾਤਾ ਕਰਮੋ ਅਤੇ ਪਿਤਾ ਸਦਾ ਚੰਦ ਦੇ ਘਰ 1649 ਵਿਚ ਜਨਮੇ ਭਾਈ ਜੈਤਾ ਜੀ ਮੁੱਢ ਤੋਂ ਹੀ ਗੁਰੂ-ਘਰ ਪ੍ਰਤਿ ਪ੍ਰੇਮ ਅਤੇ ਸ਼ਰਧਾ ਰੱਖਦੇ ਸਨ ਅਤੇ ਛੇਤੀ ਹੀ ਉਹਨਾਂ ਸਿੱਖਾਂ ਵਿਚ ਸਥਾਨ ਗ੍ਰਹਿਣ ਕਰ ਗਏ ਜਿਹੜੇ ਗੁਰੂ-ਘਰ ਦੇ ਨਿਕਟਵਰਤੀ ਸਮਝੇ ਜਾਂਦੇ ਸਨ। ਗੁਰੂ ਤੇਗ਼ ਬਹਾਦਰ ਜੀ ਦੀ ਮਾਲਵਾ ਵਿਖੇ ਪ੍ਰਚਾਰ-ਯਾਤਰਾ ਦੌਰਾਨ ਭਾਈ ਜੈਤਾ ਉਹਨਾਂ ਦੇ ਨਾਲ ਸੀ।

ਗੁਰੂ ਦੀ ਸਿੱਖਿਆ ਅਤੇ ਸੰਦੇਸ਼ ਨੂੰ ਮਨ ਵਿਚ ਵਸਾ ਕੇ ਦੁਨਿਆਵੀ ਮੋਹ-ਮਾਇਆ ਅਤੇ ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤ ਹੋਣ ਵਾਲੇ ਸਿੱਖ ਦੀ ਆਤਮਾ ਇੰਨੀ ਬਲਵਾਨ ਹੋ ਜਾਂਦੀ ਹੈ ਕਿ ਉਹ ਜਨਮ-ਮਰਨ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸੰਗਤ ਵਿਚ ਰਹਿਣ ਵਾਲਾ ਭਾਈ ਜੈਤਾ ਇਹਨਾਂ ਸਦਗੁਣਾਂ ਦਾ ਧਾਰਨੀ ਹੋ ਗਿਆ ਸੀ। ਇਸੇ ਕਰ ਕੇ ਜਦੋਂ ਆਮ ਲੋਕਾਂ 'ਤੇ ਹੋ ਰਹੇ ਜਬਰ ਅਤੇ ਜ਼ੁਲਮ ਨੂੰ ਰੋਕਣ ਲਈ ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਵਿਖੇ ਸ਼ਹਾਦਤ ਦੇ ਦਿੱਤੀ ਤਾਂ ਇਹ ਗੁਰੂ ਜੀ ਦਾ ਸੀਸ ਸਮੇਂ ਦੇ ਹਾਕਮਾਂ ਦੇ ਪਹਿਰੇ ਵਿਚੋਂ ਚੁੱਕ ਕੇ ਅਨੰਦਪੁਰ ਸਾਹਿਬ ਲੈ ਆਇਆ ਸੀ। ਇਹ ਉਹ ਸਮਾਂ ਸੀ ਜਦੋਂ ਹਾਕਮਾਂ ਦੀ ਨਿਗੁਣੀ ਜਿਹੀ ਹੁਕਮ ਅਦੂਲੀ ਕਰਨ ਵਾਲੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਭਾਈ ਜੈਤਾ ਅਤੇ ਇਸ ਦੇ ਸਾਥੀਆਂ ਦੇ ਇਸ ਮਹਾਨ ਕਾਰਜ ਨੂੰ ਕਲਮਬੰਦ ਕਰਦੇ

---

18. ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 81.

ਹੋਏ ਗੁਰੂ ਕੀਆਂ ਸਾਖੀਆਂ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਦੱਸਿਆ ਗਿਆ ਹੈ, "ਭਾਈ ਨਾਨੂ ਰਾਇ, ਆਗਿਆ, ਜੈਤਾ ਤੇ ਭਾਈ ਊਦਾ ਇਸ ਚਾਰੇ ਸਿੱਖ ਟਾਂਡੇ ਬੀਚ ਚਾਂਦਨੀ ਚਉਂਕ ਪਹੁੰਚ, ਗੁਰੂ ਜੀ ਕੇ ਸੀਸ ਕੋ ਉਠਾਇ ਲਾਇ... ਇਹਨਾਂ ਚਮਾਂ ਸਿੱਖਾਂ ਰੈਨ ਦਿਵਸ ਏਕ ਕਰ ਕੇ ਰਸਤੇ ਕਾ ਪੰਧ ਮੁਕਾਇ ਚੱਕ ਨਾਨਕੀ ਮੇਂ ਗੁਰੂ ਜੀ ਕੇ ਦਰਬਾਰ ਮੇਂ ਜਾਇ ਨਾਵੇਂ ਸਤਿਗੁਰਾਂ ਕਾ ਸੀਸ ਟਿਕਾਇਆ। ਸ੍ਰੀ ਦਸਮੇਸ਼ ਜੀ ਨੇ ਇਨ੍ਹਾਂ ਚਮ੍ਹਾਂ ਸਿੱਖਾਂ ਕਾ ਬੜਾ ਸਤਿਕਾਰ ਕੀਤਾ। ਭਾਈ ਜੈਤੇ ਕੋ 'ਰੰਗਰੇਟਾ ਗੁਰੂ ਕਾ ਬੇਟਾ' ਕਹਿ ਕੇ ਨਿਵਾਜਿਆ।"[19]

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਸਿੱਖਾਂ ਦੇ ਮਨ ਵਿਚ ਉਦਾਸੀ ਪੈਦਾ ਹੋ ਗਈ ਸੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬੀਰਰਸੀ ਸਾਹਿਤ ਦੀ ਸਿਰਜਨਾ, ਢਾਡੀ ਵਾਰਾਂ ਆਦਿ ਦਾ ਗੁਰੂ-ਘਰ ਵਿਖੇ ਗਾਇਨ ਅਰੰਭ ਕਰਵਾ ਕੇ ਦੂਰ ਕਰ ਦਿੱਤਾ। 1675 ਤੋਂ 1699 ਤੱਕ ਸਿੱਖਾਂ ਲਈ ਸ਼ਾਸਤਰ ਅਤੇ ਸ਼ਸਤਰ ਦੀ ਸਿੱਖਿਆ ਅਤੇ ਵਿੱਦਿਆ ਦਾ ਸਮਾਂ ਸੀ। ਗੁਰੂ ਜੀ ਦੇ ਯਤਨਾਂ ਨੇ ਸਿੱਖਾਂ ਦੇ ਮਨ ਵਿਚ ਜੋਸ਼, ਉਤਸ਼ਾਹ, ਬੀਰਰਸ ਅਤੇ ਸੰਘਰਸ਼ ਲਈ ਜੂਝ-ਮਰਨ ਦਾ ਚਾਅ ਪੈਦਾ ਕਰ ਦਿੱਤਾ ਸੀ। ਭਾਵੇਂ ਕਿ ਭੰਗਾਣੀ ਦੇ ਯੁੱਧ ਉਪਰੰਤ ਸਿੱਖਾਂ ਵਿਚ ਸ਼ਸਤਰਾਂ ਦੇ ਜੌਹਰ ਦਿਖਾਉਣ ਦੀ ਕਲਾ ਅਰੰਭ ਹੋ ਗਈ ਸੀ ਅਤੇ ਖ਼ਾਲਸੇ ਦੀ ਸਿਰਜਨਾ ਤੋਂ ਪਹਿਲਾਂ ਵੀ ਗੁਰੂ ਸਾਹਿਬ ਦੇ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨਾਲ ਕਈ ਯੁੱਧ ਹੋ ਚੁੱਕੇ ਸਨ ਪਰ 1699 ਦੀ ਵਿਸਾਖੀ ਉਪਰੰਤ ਹਕੂਮਤ ਦਾ ਅਨੰਦਪੁਰ ਸਾਹਿਬ ਵੱਲ ਵਿਸ਼ੇਸ਼ ਧਿਆਨ ਕੇਂਦਰਿਤ ਹੋ ਗਿਆ ਸੀ।

1699 ਦੀ ਘਟਨਾ ਸਿੱਖ ਇਤਿਹਾਸ ਵਿਚ ਇਕ ਵੱਡਾ ਮੋੜ ਸਾਬਤ ਹੋਈ ਜਦੋਂ ਗੁਰੂ ਨਾਨਕ ਦੇਵ ਜੀ ਦੁਆਰਾ ਪੈਦਾ ਕੀਤੇ ਗਏ ਗੁਰਮੁਖ ਨੇ ਖ਼ਾਲਸੇ ਦੇ ਰੂਪ ਵਿਚ ਸੰਪੂਰਨਤਾ ਪ੍ਰਾਪਤ ਕਰ ਲਈ ਸੀ। ਧਾਰਮਿਕ ਵਿਸ਼ਵਾਸ, ਵਰਣ-ਵਿਵਸਥਾ ਅਤੇ ਆਰਥਿਕ ਆਧਾਰ 'ਤੇ ਪੈਦਾ ਕੀਤੇ ਗਏ ਜਾਤ-ਪਾਤ, ਊਚ-ਨੀਚ, ਭੇਦਭਾਵ ਆਦਿ ਦੀ ਸਮਾਪਤੀ ਬਾਣੀ ਦੇ ਸੰਦੇਸ਼ ਅਤੇ ਬਾਣੇ ਦੀ ਇਕਸਾਰਤਾ ਵਿਚੋਂ ਪ੍ਰਤੱਖ ਤੌਰ 'ਤੇ ਦ੍ਰਿਸ਼ਟਮਾਨ ਹੋ ਗਈ ਸੀ। ਸਿੱਖ ਧਰਮ ਧਾਰਨ ਕਰਨ ਵਾਲਾ ਹੁਣ ਮਜ਼ਲੂਮ ਨਹੀਂ ਰਿਹਾ ਬਲਕਿ ਮਜ਼ਲੂਮਾਂ ਦਾ ਰੱਖਿਅਕ ਬਣ ਗਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਭਾਈ ਜੈਤਾ ਵੀ ਖ਼ਾਲਸਾ ਪੰਥ ਦੀ ਰਹਿਤ ਧਾਰਨ ਕਰ ਕੇ ਭਾਈ ਜੀਵਨ ਸਿੰਘ ਵਜੋਂ ਸਾਹਮਣੇ ਆਉਂਦਾ ਹੈ। ਅਨੰਦਪੁਰ ਸਾਹਿਬ ਦੇ ਯੁੱਧਾਂ ਦੌਰਾਨ ਇਸ ਨੇ ਆਪਣੀ ਬੀਰਤਾ ਦੇ ਜੌਹਰ ਦਿਖਾਏ। 1705 ਵਿਚ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਇਹ ਗੁਰੂ ਜੀ ਦੇ ਨਾਲ ਸੀ। ਸਰਸਾ ਨਦੀ ਦੇ ਕੰਢੇ ਹੋਏ ਯੁੱਧ ਵਿਚ ਵੀ ਇਤਿਹਾਸਕਾਰਾਂ ਨੇ ਇਸ ਦੀ ਸੂਰਬੀਰਤਾ ਦਾ ਵਰਨਨ ਕੀਤਾ ਹੈ ਜਿਥੋਂ ਇਹ ਚਮਕੌਰ ਵਿਖੇ ਗੜ੍ਹੀ ਵਿਚ ਪੁੱਜ ਗਿਆ ਸੀ। ਭਾਵੇਂ ਕਿ ਇਸ ਯੁੱਧ ਦਾ ਕੇਂਦਰ ਗੁਰੂ ਗੋਬਿੰਦ ਸਿੰਘ ਜੀ ਸਨ ਪਰ ਇਸ ਦਾ ਪ੍ਰਭਾਵ ਆਲੇ-ਦੁਆਲੇ ਵੀਹ ਕੋਹ ਤੱਕ ਫੈਲਿਆ ਹੋਇਆ ਸੀ ਜਿਸ ਦਾ ਵਰਨਨ ਕਰਦੇ ਹੋਏ ਮਹੰਤ ਸੁਮੇਰ ਸਿੰਘ ਦੱਸਦਾ ਹੈ:

ਬੀਸ ਕੋਸ ਮਹਿ ਜੁਧ ਅਤਿ ਭਯੋ ਮਹਾ ਬਲਕਾਰ।
ਉਦੇ ਸਿੰਘ ਅਰੁ ਅਤਿ ਸੁਖਦ ਜੀਵਨ ਸਿੰਘ ਬਲਧਾਰ।[20]

ਭਾਈ ਜੀਵਨ ਸਿੰਘ ਦੇ ਚਮਕੌਰ ਦੇ ਯੁੱਧ ਵਿਖੇ ਸ਼ਹੀਦ ਹੋਣ ਦਾ ਪ੍ਰਮਾਣ ਦਿੰਦੇ ਹੋਏ ਸ਼ਮਸ਼ੇਰ ਸਿੰਘ ਅਸ਼ੋਕ ਦੱਸਦਾ ਹੈ ਕਿ "ਚਮਕੌਰ ਦੀ ਗੜ੍ਹੀ ਦੇ ਉੱਤਰ-ਪੱਛਮੀ ਮੁੱਠੇ ਦੇ ਇਕ ਬੁਰਜ ਦੀ ਨਿਸ਼ਾਨੀ ਹੈ ਜਿੱਥੇ ਮੋਰਚੇ ਲਾ ਕੇ ਭਾਈ ਜੀਵਨ ਸਿੰਘ ਨੇ ਬੜੀ ਦਲੇਰੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਸੀ। ਫੇਰ ਆਪ ਏਥੇ ਹੀ ਜੰਗ ਕਰਦੇ ਹੋਏ ਸ਼ਹੀਦ ਹੋਏ... ਏਸੇ ਯਾਦਗਾਰ ਵਜੋਂ ਚਮਕੌਰ ਦੀ ਗੜ੍ਹੀ ਵਿਚ ਭਾਈ ਜੀਵਨ ਸਿੰਘ ਰੰਗਰੇਟੇ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ।"[21]

ਭਾਈ ਜੀਵਨ ਸਿੰਘ ਦੀ ਯਾਦ ਸਦੀਵੀ ਤੌਰ 'ਤੇ ਸਿੱਖਾਂ ਦੇ ਮਨ ਵਿਚ ਵਸੀ ਹੋਈ ਹੈ ਜਿਸ ਨੇ ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਅਤੇ ਸਿਧਾਂਤ ਅਨੁਸਾਰ ਕਾਰਜ ਕਰਦੇ ਹੋਏ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਸਦੀਵ ਕਾਲ ਆਪਣਾ ਨਾਂ ਦਰਜ ਕਰਵਾ ਲਿਆ ਸੀ।

**ਜੈਤਾ ਸੇਠ, ਭਾਈ:** ਭਾਈ ਜੈਤਾ ਸੇਠ ਗੁਰੂ ਤੇਗ਼ ਬਹਾਦਰ ਜੀ ਦਾ ਸ਼ਰਧਾਲੂ ਸਿੱਖ ਸੀ। ਜਦੋਂ ਗੁਰੂ ਜੀ ਪਟਨਾ ਸਾਹਿਬ ਵਿਖੇ ਗਏ ਤਾਂ ਉਹਨਾਂ ਨੇ ਇਸ ਦੇ ਨਿਵਾਸ ਅਸਥਾਨ 'ਤੇ ਚਰਨ ਪਾਏ ਸਨ। ਸਥਾਨਕ ਪਰੰਪਰਾ ਦੇ ਆਧਾਰ 'ਤੇ ਗੁਰਦੁਆਰਾ ਸਾਹਿਬ ਵਿਖੇ ਇਸ ਅਸਥਾਨ ਨਾਲ ਸੰਬੰਧਿਤ ਜਿਹੜਾ ਇਤਿਹਾਸ ਲਿਖਿਆ ਹੋਇਆ ਮਿਲਦਾ ਹੈ ਉਸ ਵਿਚ ਕਿਹਾ ਗਿਆ ਹੈ ਕਿ 'ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਥਾਨ 'ਤੇ ਆਪਣੀ ਪਹਿਲੀ ਪੂਰਬ ਦੀ ਉਦਾਸੀ ਸਮੇਂ ਪੁੱਜ ਕੇ ਭਗਤ ਜੈਤਾਮਲ ਜੀ ਦੀ ਹਵੇਲੀ ਨੂੰ ਪਵਿੱਤਰ ਕੀਤਾ ਅਤੇ 'ਸੰਗਤ' ਦਾ ਨਾਮ ਦਿੱਤਾ। ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਪੂਰਬ ਯਾਤਰਾ ਸਮੇਤ ਇਸ ਸਥਾਨ 'ਤੇ ਨਿਵਾਸ ਕੀਤਾ'। ਭਾਈ ਗੁਰਦਾਸ ਜੀ ਇਸ ਨੂੰ ਗੁਰੂ ਹਰਿਗੋਬਿੰਦ ਜੀ ਦੇ ਮੁਖੀ ਸਿੱਖਾਂ ਦੀ ਸ਼੍ਰੇਣੀ ਵਿਚ ਰੱਖਦੇ ਹੋਏ ਕਹਿੰਦੇ ਹਨ ਕਿ ਇਹ ਗੁਰੂ ਆਸ਼ੇ ਅਨੁਸਾਰ ਸਿੱਖਾਂ ਦੀ ਸੇਵਾ ਲਗਨ ਨਾਲ ਕਰਦਾ ਸੀ:

19. ਸਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਸੰਪਾਦਕ ਪਿਆਰਾ ਸਿੰਘ ਪਦਮ, ਸਾਖੀਆਂ 32-33, ਪੰਨੇ 84-85.
20. ਬਾਬਾ ਸੁਮੇਰ ਸਿੰਘ, ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਸੰਪਾਦਕ ਅੱਛਰ ਸਿੰਘ ਕਾਹਲੋਂ, ਸਾਖੀ 192.9, ਪੰਨਾ 359.
21. ਸ਼ਮਸ਼ੇਰ ਸਿੰਘ ਅਸ਼ੋਕ, ਮਜ਼੍ਹਬੀ ਸਿੱਖਾਂ ਦਾ ਇਤਿਹਾਸ, ਪੰਨਾ 87.

ਪਟਣੈ ਸਭਰਵਾਲ ਹੈ ਨਵਲ ਨਿਹਾਲਾ ਸੁਧ ਪਰਾਣੀ।
ਜੈਤਾ ਸੇਠ ਵਖਾਣੀਐ ਵਿਣ ਗੁਰ ਸੇਵਾ ਹੋਰ ਨਾ ਜਾਣੀ।[22]

ਸਿੱਖਾਂ ਦੀ ਭਗਤਮਾਲਾ ਵਿਚ ਦੱਸਿਆ ਗਿਆ ਹੈ ਕਿ ਇਕ ਦਿਨ ਇਸ ਨੇ ਗੁਰੂ ਹਰਿਗੋਬਿੰਦ ਜੀ ਨੂੰ ਪ੍ਰਸ਼ਨ ਕੀਤਾ ਕਿ ਜਿਸ ਨੂੰ ਗਿਆਨ ਹੋਵੇ ਉਸ ਨੂੰ ਭਗਤੀ ਦੀ ਕੀ ਲੋੜ ਹੈ? ਗੁਰੂ ਜੀ ਨੇ ਬਚਨ ਕੀਤਾ ਕਿ ਭਗਤੀ ਤੋਂ ਬਗ਼ੈਰ ਗਿਆਨ ਇਸ ਤਰ੍ਹਾਂ ਹੈ ਜਿਵੇਂ ਮਿਸਰੀ ਤੋਂ ਬਿਨਾਂ ਕੇਵਲ ਘਿਉ ਦਾ ਸੇਵਨ, ਜਿਹੜਾ ਕਿ ਪੇਟ ਖਰਾਬ ਕਰ ਸਕਦਾ ਹੈ।[23] ਭਾਈ ਕਾਨ੍ਹ ਸਿੰਘ ਨਾਭਾ ਦੱਸਦਾ ਹੈ ਕਿ ਇਹ ਹਲਾਵਈ ਦਾ ਕੰਮ ਕਰਦਾ ਸੀ। ਧਨੀ ਹੋਣ ਕਰ ਕੇ ਇਸ ਨੂੰ ਸੇਠ ਕਿਹਾ ਜਾਣ ਲੱਗਿਆ। ਨੌਵੇਂ ਗੁਰੂ ਤੇਗ਼ ਬਹਾਦਰ ਜੀ ਅਤੇ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਦੀ ਇਸ ਨੇ ਬਹੁਤ ਸੇਵਾ ਕੀਤੀ।[24]

ਪਟਨਾ ਸਾਹਿਬ ਦਾ ਗੁਰਦੁਆਰਾ ਗਾਇ ਘਾਟ ਭਾਈ ਜੈਤ ਮੱਲ ਦੀ ਯਾਦ ਦਿਵਾਉਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਛੋਹ ਪ੍ਰਾਪਤ ਲੱਕੜੀ ਦੇ ਦੋ ਥੰਮ ਇੱਥੇ ਮੌਜੂਦ ਹਨ ਜਿਨ੍ਹਾਂ ਦੇ ਸੰਗਤ ਦਰਸ਼ਨ ਕਰਦੀ ਹੈ। ਇਸ ਗੁਰਦੁਆਰੇ ਦੇ ਇਕ ਪਾਸੇ ਇਕ ਛੋਟੀ ਜਿਹੀ ਬਾਰੀ ਹੈ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਤੇਗ਼ ਬਹਾਦਰ ਜੀ ਇੱਥੇ ਆਏ ਸਨ ਤਾਂ ਭਗਤ ਜੈਤ ਮੱਲ ਜੀ ਨੇ ਆਪਣੇ ਘਰ ਦੇ ਸਾਰੇ ਬੂਹੇ ਬੰਦ ਕੀਤੇ ਹੋਏ ਸਨ। ਬਹੁਤ ਜੋਰ ਦੇਣ 'ਤੇ ਵੀ ਜਦੋਂ ਭਗਤ ਜੀ ਨੇ ਬੂਹਾ ਨਾ ਖੋਲ੍ਹਿਆ ਤਾਂ ਗੁਰੂ ਜੀ ਉਸ ਬਾਰੀ ਰਾਹੀਂ ਅੰਦਰ ਪ੍ਰਵੇਸ਼ ਕੀਤੇ ਸਨ।

ਇਸ ਅਸਥਾਨ ਵਿਖੇ ਇਕ ਦਰਖ਼ਤ ਵੀ ਮੌਜੂਦ ਹੈ ਜਿਸ ਨੂੰ 'ਕਿੱਲਾ ਸਾਹਿਬ' ਕਿਹਾ ਜਾਂਦਾ ਹੈ। ਇਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇੱਥੇ ਲੱਕੜੀ ਦਾ ਇਕ ਕਿੱਲਾ ਹੁੰਦਾ ਸੀ ਜਿਸ ਨਾਲ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਘੋੜਾ ਬੰਨਿਆ ਸੀ। ਸਮਾਂ ਪਾ ਕੇ ਇਹ ਕਿੱਲਾ ਹਰਾ ਹੋ ਗਿਆ ਅਤੇ ਹੁਣ ਤੱਕ ਇਹ ਉੱਥੇ ਮੌਜੂਦ ਹੈ। ਇਸ ਦੇ ਨਾਲ ਹੀ ਇੱਥੇ ਮੌਜੂਦ ਇਕ ਚੱਕੀ ਮਾਤਾ ਗੁਜਰੀ ਜੀ ਦੀ ਦੱਸੀ ਜਾਂਦੀ ਹੈ। ਲੱਕੜ ਦੇ ਮੁੱਠੇ ਵਾਲੀ ਚੱਕੀ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਮੌਜੂਦਾ ਸਮੇਂ ਵਿਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ।

**ਦਰਗਾਹ ਮੱਲ, ਦੀਵਾਨ:** ਦੀਵਾਨ ਦਰਗਾਹ ਮੱਲ ਗੁਰੂ-ਘਰ ਦਾ ਦੀਵਾਨ ਸੀ। ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਇਸ ਨੇ ਗੁਰੂ-ਘਰ ਦੀ ਸੇਵਾ-ਸੰਭਾਲ ਵਿਚ ਮਹੱਵਪੂਰਨ ਯੋਗਦਾਨ ਪਾਇਆ:

ਦਰਗਹਿ ਮੱਲ ਦਿਵਾਨ ਗੁਰੂ ਹਰਿਰਾਇ ਜੀ ਦਾ।
ਜਾਤ ਦਾ ਬ੍ਰਾਹਮਣ ਛਿਬਰ ਬਹੁਤੁ ਫਹਿਮੀਦਾ।[25]

ਗੁਰੂ-ਘਰ ਵਿਚ ਹਰ ਤਰ੍ਹਾਂ ਦੇ ਪ੍ਰਬੰਧ ਕਰਨ ਵਿਚ ਇਹ ਆਪਣੀ ਸੂਝਬੂਝ ਅਤੇ ਸ਼ਰਧਾ ਕਾਰਨ ਸਤਿਕਾਰ ਦਾ ਪਾਤਰ ਸੀ। ਛਿੱਬਰ ਘਰਾਣੇ ਨਾਲ ਸੰਬੰਧਿਤ ਇਹ ਦਵਾਰਕਾ ਦਾਸ ਛਿੱਬਰ ਦਾ ਪੁੱਤਰ ਅਤੇ ਬੰਸਾਵਲੀਨਾਮਾ ਦੇ ਕਰਤਾ ਭਾਈ ਕੇਸਰ ਸਿੰਘ ਛਿੱਬਰ ਦਾ ਪੜਦਾਦਾ ਸੀ। ਕੇਸਰ ਸਿੰਘ ਛਿੱਬਰ ਦੱਸਦਾ ਹੈ ਕਿ ਨੌਵੇਂ ਗੁਰੂ ਤੇਗ਼ ਬਹਾਦਰ ਜੀ ਨੇ ਵੀ ਇਸ ਨੂੰ ਵੀ ਦੀਵਾਨ ਦੀ ਪਦਵੀ 'ਤੇ ਨਿਯੁਕਤ ਕੀਤਾ ਸੀ ਪਰ ਵਡੇਰੀ ਉਮਰ ਹੋ ਜਾਣ ਕਰ ਕੇ ਇਸ ਨੇ ਸੇਵਾ ਤੋਂ ਮੁਕਤ ਕਰਨ ਲਈ ਗੁਰੂ ਜੀ ਨੂੰ ਬੇਨਤੀ ਕੀਤੀ ਸੀ। ਇਸ ਤੋਂ ਬਾਅਦ ਇਸ ਦਾ ਭਤੀਜਾ ਭਾਈ ਮਤੀ ਦਾਸ ਗੁਰੂ ਜੀ ਦੇ ਦੀਵਾਨ ਵਜੋਂ ਗੁਰੂ-ਘਰ ਦੀ ਸੇਵਾ ਕਰਦਾ ਰਿਹਾ। ਬਾਦਸ਼ਾਹ ਔਰੰਗਜ਼ੇਬ ਦੇ ਬਲਾਉਣ 'ਤੇ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਗਏ ਤਾਂ ਦੀਵਾਨ ਦਰਗਾਹ ਮੱਲ ਉਹਨਾਂ ਦੇ ਨਾਲ ਸੀ। ਕੁੱਝ ਸਮਾਂ ਦਿੱਲੀ ਨਿਵਾਸ ਉਪਰੰਤ ਗੁਰੂ ਜੀ ਜੋਤੀ-ਜੋਤ ਸਮਾ ਗਏ ਸਨ ਪਰ ਇਸ ਤੋਂ ਪਹਿਲਾਂ ਉਹਨਾਂ ਨੇ 'ਬਾਬਾ ਬਕਾਲਾ' ਕਹਿ ਕੇ ਆਪਣੇ ਅਗਲੇ ਉੱਤਰਾਧਿਕਾਰੀ ਵੱਲ ਸੰਕੇਤ ਕਰ ਦਿੱਤਾ ਸੀ। ਦੀਵਾਨ ਦਰਗਾਹ ਮੱਲ ਸਿੱਖ ਸੰਗਤ ਦੇ ਉਸ ਜਥੇ ਵਿਚ ਸ਼ਾਮਲ ਸੀ ਜਿਹੜਾ ਗੁਰਿਆਈ ਦੀ ਸਮੱਗਰੀ ਲੈ ਕੇ ਦਿੱਲੀ ਤੋਂ ਬਾਬਾ ਬਕਾਲਾ ਆਇਆ ਸੀ। ਗੁਰੂ ਕੀਆਂ ਸਾਖੀਆਂ ਵਿਚ ਇਸ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ, "ਸੰਮਤ ਸਤਾਰਾਂ ਸੈ ਇਕੀਸ ਮਾਸ ਕੇ ਆਖਰੀ ਦਿਨੋਂ ਮੇਂ ਮਾਤਾ ਬੱਸੀ ਜੀ ਨੇ ਸੰਗਤ ਕੋ ਸਾਥ ਲੈ ਮਦਰ ਦੇਸ ਆਨੇ ਕੀ ਤਿਆਰੀ ਬਜਾਈ। ਰਸਤੇ ਕਾ ਪੰਧ ਮੁਕਾਇ ਦੀਵਨ ਦਰਘਾ ਮਲ ਆਦਿ ਮੁਖੀਏ ਸਿੱਖ ਸੰਗਤ ਕੇ ਗੈਲ ਬਕਾਲਾ ਨਗਰੀ ਕੇ ਨੇੜੇ ਜਾਇ ਪਹੁੰਚੇ।"[26]

ਗੁਰੂ ਹਰਿਕ੍ਰਿਸ਼ਨ ਜੀ ਤੋਂ ਬਾਅਦ ਦੀਵਾਨ ਦਰਗਾਹ ਮੱਲ ਗੁਰੂ ਤੇਗ਼ ਬਹਾਦਰ ਜੀ ਦੀ ਸੇਵਾ ਵਿਚ ਰਿਹਾ ਅਤੇ ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਉਹਨਾਂ ਦੇ ਨਾਲ ਰਿਹਾ। 1675 ਵਿਚ ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਜਾਣ ਤੋਂ ਪਹਿਲਾਂ ਗੋਬਿੰਦ ਰਾਇ ਜੀ ਨੂੰ ਗੁਰਿਆਈ ਦੀ ਰਸਮ ਕਰ ਦਿੱਤੀ ਸੀ, ਉਸ ਸਮੇਂ ਵੀ ਇਹ ਗੁਰੂ ਜੀ ਦਾ ਨਾਲ ਸੀ। ਭਾਈ ਮਤੀ ਦਾਸ ਦੀ ਸ਼ਹੀਦੀ ਉਪਰੰਤ ਇਸ ਨੂੰ ਫਿਰ ਗੁਰੂ-ਘਰ ਦਾ ਦੀਵਾਨ ਨਿਯੁਕਤ ਕਰ ਦਿਤਾ ਗਿਆ। ਕੁਝ ਸਮਾਂ ਇਹ ਗੁਰੂ-ਘਰ ਦੇ ਦੀਵਾਨ ਦੀ ਸੇਵਾ ਕਰਦਾ ਰਿਹਾ ਫਿਰ ਇਸ ਦੇ ਪੁੱਤਰ ਧਰਮ ਚੰਦ ਨੂੰ ਇਸ ਸੇਵਾ ਲਈ ਨਿਯੁਕਤ ਕਰ ਦਿਤਾ ਗਿਆ। ਅਨੰਦਪੁਰ ਸਾਹਿਬ ਵਿਖੇ ਹੀ ਦੀਵਾਨ ਦਰਗਾਹ ਮੱਲ ਅਕਾਲ

22. ਵਾਰਾਂ ਭਾਈ ਗੁਰਦਾਸ ਜੀ, ਵਾਰ 11, ਪਉੜੀ 31.
23. ਤਰਲੋਚਨ ਸਿੰਘ ਬੇਦੀ (ਸੰਪਾ.), ਸਿੱਖਾਂ ਦੀ ਭਗਤਮਾਲਾ, ਪੰਨਾ 140.
24. ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 373.
25. ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾਦਕ ਪਿਆਰਾ ਸਿੰਘ ਪਦਮ, ਅੱਠਵਾਂ ਚਰਣ, ਬੰਦ 22.
26. ਸ੍ਵਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਸੰਪਾਦਕ ਪਿਆਰਾ ਸਿੰਘ ਪਦਮ, ਸਾਖੀ 18, ਪੰਨੇ 65-66.

ਚਲਾਣਾ ਕਰ ਗਿਆ ਸੀ।

**ਦਿਆਲਾ ਜੀ, ਭਾਈ:** ਭਾਈ ਦਿਆਲਾ ਗੁਰੂ ਤੇਗ਼ ਬਹਾਦਰ ਜੀ ਦੇ ਨਿਕਟਵਰਤੀ ਸਿੱਖਾਂ ਵਿਚ ਸ਼ਾਮਲ ਜਿਸ ਨੇ ਗੁਰੂ ਜੀ ਦੁਆਰਾ ਦਰਸਾਏ ਮਾਰਗ 'ਤੇ ਚੱਲਦੇ ਹੋਏ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਸ਼ਹੀਦ ਬਿਲਾਸ ਵਿਚ ਇਸ ਦੇ ਪਰਿਵਾਰਕ ਪਿਛੋਕੜ ਬਾਰੇ ਵਰਨਨ ਕਰਦੇ ਹੋਏ ਦੱਸਿਆ ਗਿਆ ਹੈ ਕਿ ਇਹ ਮੌਜੂਦਾ ਪਾਕਿਸਤਾਨ ਵਿਚ ਪੈਂਦੇ ਪਿੰਡ ਅਲੀਪੁਰ ਦੇ ਵਸਨੀਕ ਭਾਈ ਮਾਈਦਾਸ ਅਤੇ ਮਧਰੀ ਬਾਈ ਦਾ ਪੁੱਤਰ ਸੀ। ਇਹਨਾਂ ਦੇ ਬਾਰਾਂ ਪੁੱਤਰ ਸਨ ਜਿਨ੍ਹਾਂ ਵਿਚੋਂ ਗਿਆਰਾਂ ਨੇ ਗੁਰੂ-ਘਰ ਲਈ ਸ਼ਹਾਦਤ ਦਿੱਤੀ ਸੀ। ਭਾਈ ਦਿਆਲਾ ਭਾਈ ਮਨੀ ਸਿੰਘ ਦਾ ਵੱਡਾ ਭਰਾ ਸੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਇਹ ਨਾਲ ਸੀ।

ਪਟਨੇ ਤੋਂ ਗੁਰੂ ਜੀ ਜਦੋਂ ਅੱਗੇ ਬੰਗਾਲ, ਆਸਾਮ ਦੀ ਯਾਤਰਾ 'ਤੇ ਗਏ ਤਾਂ ਉਹਨਾਂ ਨੇ ਭਾਈ ਦਿਆਲਾ ਜੀ ਨੂੰ ਪਰਿਵਾਰ ਕੋਲ ਛੱਡ ਦਿੱਤਾ ਸੀ। ਚਾਰ ਸਾਲ ਤੋਂ ਵਧੇਰੇ ਸਮਾਂ ਗੁਰੂ ਜੀ ਉਸ ਇਲਾਕੇ ਵਿਚ ਰਹਿ ਕੇ ਸਿੱਖੀ ਪ੍ਰਚਾਰ ਕਰਦੇ ਰਹੇ। ਇਸ ਸਮੇਂ ਦੌਰਾਨ ਪਰਿਵਾਰ ਦੀ ਦੇਖਭਾਲ ਅਤੇ ਗੁਰੂ ਸਾਹਿਬ ਦੇ ਆਉਣ ਵਾਲੇ ਆਦੇਸ਼ਾਂ ਦਾ ਪਾਲਣ ਕਰਨ ਦੀ ਜ਼ੁੰਮੇਵਾਰੀ ਭਾਈ ਦਿਆਲਾ ਜੀ ਬਹੁਤ ਹੀ ਦ੍ਰਿੜ੍ਹਤਾ ਪੂਰਵਕ ਨਿਭਾਉਂਦੇ ਰਹੇ। ਗੁਰੂ ਸਾਹਿਬ ਦੁਆਰਾ ਬਨਾਰਸ ਅਤੇ ਪਟਨਾ ਦੀ ਸੰਗਤ ਦੇ ਨਾਂ ਲਿਖੇ ਹੋਏ ਹੁਕਮਨਾਮੇ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਵਿਚ ਭਾਈ ਦਿਆਲ ਦਾਸ ਦਾ ਜ਼ਿਕਰ ਆਉਂਦਾ ਹੈ। ਸੰਭਵ ਹੈ ਕਿ ਇਹ ਹੁਕਮਨਾਮੇ ਭਾਈ ਦਿਆਲਾ ਜੀ ਦੇ ਪਟਨਾ ਸਾਹਿਬ ਨਿਵਾਸ ਦੌਰਾਨ ਲਿਖੇ ਗਏ ਹੋਣ। ਇਹਨਾਂ ਹੁਕਮਨਾਮਿਆਂ ਵਿਚ ਬਨਾਰਸ ਅਤੇ ਪਟਨਾ ਸਾਹਿਬ ਦੀ ਸੰਗਤ ਨੂੰ ਭਾਈ ਦਿਆਲ ਦਾਸ ਪ੍ਰਤਿ ਵਿਸ਼ੇਸ਼ ਆਦੇਸ਼ ਕਰਦੇ ਹੋਏ ਕਿਹਾ ਗਿਆ ਹੈ - 'ਪਿਛੇ ਕਾਰ ਭਾਈ ਦਿਆਲ ਦਾਸ ਪਾਸ ਭੇਜੀ ਥੀ ਸਭ ਹਜੂਰਿ ਪਹੁਚੀ ਭਾਈ ਦਿਆਲ ਦਾਸ ਕਹੇ ਸੰਗਤਿ ਗੁਰੂ ਕਾ ਹੁਕਮ ਕਰਿ ਮਨਣਾ ਆਗੈ ਜਿਸ ਸਿਖ ਪਾਸ ਗੁਰੂ ਕੇ ਨਵਿਤ ਕੀ ਕਉਡੀ ਹੋਵੇ ਕਾਰ ਭੇਟ ਸਭ ਭਾਈ ਦਿਆਲ ਦਾਸ ਪਾਸ ਪਹੁਚਾਵਣੀ ਸੰਗਤ ਕੇ ਰੁਜਗਾਰ ਵਿਚਿ ਗੁਰੂ ਬਰਕਤਿ ਕਰੇਗਾ'।[27] ਇਸੇ ਤਰ੍ਹਾਂ ਪਟਨਾ ਦੀ ਸੰਗਤ ਦੇ ਨਾਂ ਲਿਖੇ ਇਕ ਹੁਕਮਨਾਮੇ ਵਿਚ ਆਦੇਸ਼ ਕੀਤਾ ਗਿਆ ਹੈ - 'ਭਾਈ ਦਿਆਲ ਦਾਸ ਕਹੈ ਸੰਗਤਿ ਗੁਰੂ ਕਾ ਹੁਕਮ ਕਰਿ ਮੰਨਣਾ'।[28] ਹੁਕਮਨਾਮਿਆਂ ਵਿਚੋਂ ਇਹ ਜਾਣਕਾਰੀ ਮਿਲਦੀ ਹੈ ਕਿ ਭਾਈ ਦਿਆਲਾ ਜੀ ਗੁਰੂ ਤੇਗ਼ ਬਹਾਦਰ ਜੀ ਦੇ ਨਿਕਟਵਰਤੀ ਸ਼ਰਧਾਲੂ ਸਿੱਖਾਂ ਵਿਚ ਸ਼ਾਮਲ ਸਨ। ਭਾਈ ਦਿਆਲਾ ਜੀ ਦੀ ਗੁਰੂ ਸਾਹਿਬ ਪ੍ਰਤਿ ਸ਼ਰਧਾ, ਭਾਵਨਾ, ਦ੍ਰਿੜ੍ਹਤਾ, ਪ੍ਰੇਮ, ਸੰਜਮ ਆਦਿ ਦਾ ਪ੍ਰਗਟਾਵਾ ਉਹਨਾਂ ਦੀ ਸ਼ਹਾਦਤ ਵਿਚੋਂ ਹੋ ਜਾਂਦਾ ਹੈ। ਭਾਵੇਂ ਕਿ ਭਾਈ ਸਾਹਿਬ ਨੂੰ ਦੇਗੇ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ ਪਰ ਉਹਨਾਂ ਦਾ ਮੂੰਹ ਹਮੇਸ਼ਾਂ ਗੁਰੂ ਵੱਲ ਹੀ ਰਿਹਾ ਅਤੇ ਆਪਣੇ ਅੰਤਿਮ ਸਮੇਂ ਤੱਕ ਪਰਮਾਤਮਾ ਦੇ ਸਿਮਰਨ ਅਤੇ ਗੁਰਮਤਿ ਸਿਧਾਂਤ ਵਿਚ ਅਡੋਲ ਰਹੇ।

**ਦਿਲ ਸੁਖ, ਭਾਈ:** ਬਹਿਰ ਜੱਖ ਨਿਵਾਸੀ ਇਹ ਤਰਖਾਣ ਪਰਿਵਾਰ ਨਾਲ ਸੰਬੰਧਿਤ ਸੀ। ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਵਿਚ ਇਸ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ਜਦੋਂ ਗੁਰੂ ਤੇਗ਼ ਬਹਾਦਰ ਜੀ ਖਨੌਰੀ ਤੋਂ ਹੁੰਦੇ ਹੋਏ ਇਸ ਨਗਰ ਵਿਖੇ ਪੁੱਜੇ ਤਾਂ ਇਸ ਦੇ ਘਰ ਨਿਵਾਸ ਕੀਤਾ ਸੀ। ਇਸ ਨੇ ਗੁਰੂ ਜੀ ਲਈ ਇਕ ਤਖ਼ਤ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਸੀ। ਜਦੋਂ ਗੁਰੂ ਜੀ ਇੱਥੇ ਪੁੱਜੇ ਤਾਂ ਇਸ ਦੇ ਤਖ਼ਤ 'ਤੇ ਜਾ ਬੈਠੇ। ਇਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਅਤੇ ਨਾਲ ਹੀ ਜਿਹੜੇ ਪ੍ਰਸ਼ਨ ਮਨ ਵਿਚ ਦੁਬਿਧਾ ਪੈਦਾ ਕਰ ਰਹੇ ਸਨ, ਉਹਨਾਂ ਦਾ ਨਿਵਾਰਨ ਕਰਨ ਦੀ ਬੇਨਤੀ ਕੀਤੀ। ਗੁਰੂ ਜੀ ਨੇ ਬਚਨ ਕੀਤਾ, "ਦਿਲਸੁਖ! ਦਿਲ ਵਿਚਿ ਬੀਚਾਰ ਕਰੀਏ ਤਾਂ ਸੁਖ ਹੁੰਦਾ ਹੈ। ਘਰ ਕਾ ਸਾਮਾਨ ਤਿਆਗਣੇ ਕਰ ਕੇ ਨਹੀਂ ਸੁਖ ਹੋਂਦਾ।"[29]

**ਦੱਗੋ, ਭਾਈ:** ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਇਹ ਧਮਤਾਨ ਦਾ ਮਸੰਦ ਸੀ। ਮੌਜੂਦਾ ਹਰਿਆਣਾ ਦੇ ਜੀਂਦ ਜ਼ਿਲੇ ਵਿਚ ਪੈਂਦੇ ਇਸ ਨਗਰ ਨੂੰ ਬਾਂਗਰ ਦਾ ਇਲਾਕਾ ਕਿਹਾ ਜਾਂਦਾ ਸੀ। 1665 ਵਿਚ ਪੂਰਬ ਦੀ ਪ੍ਰਚਾਰ-ਯਾਤਰਾ ਦੌਰਾਨ ਧਮਤਾਨ ਪਹੁੰਚੇ ਤਾਂ ਭਾਈ ਦੱਗੋ ਨੇ ਇਹਨਾਂ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਦੇ ਦਰਸ਼ਨ ਕਰਨ ਲਈ ਬਾਂਗਰ ਦੇਸ਼ ਦੀਆਂ ਸੰਗਤਾਂ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਆਈਆਂ। ਗੁਰੂ ਕੀਆਂ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਕੱਤਕ ਦੀ ਪੂਰਨਮਾਸ਼ੀ ਨੂੰ ਇੱਥੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਸੀ। ਇਥੋਂ ਸ਼ਾਹੀ ਫ਼ੌਜਾਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲੈ ਗਈਆਂ ਸਨ ਅਤੇ ਭਾਈ ਦੱਗੋ ਵੀ ਉਹਨਾਂ ਦੇ ਨਾਲ ਸੀ। ਜੈਪੁਰ ਰਿਆਸਤ ਦੇ ਕੰਵਰ ਰਾਮ ਸਿੰਘ ਨੇ ਬਾਦਸ਼ਾਹ ਨੂੰ ਗੁਰੂ ਜੀ ਦੇ ਅਧਿਆਤਮਕ ਉਦੇਸ਼ ਬਾਰੇ ਦੱਸ ਕੇ ਉਹਨਾਂ ਵਿਰੁੱਧ ਹੋਰ ਕੋਈ ਕਾਰਵਾਈ ਨਾ ਹੋਣ ਦਿੱਤੀ।[30] ਇਥੋਂ ਗੁਰੂ ਜੀ ਪੂਰਬ ਦੀ ਪ੍ਰਚਾਰ-ਯਾਤਰਾ 'ਤੇ ਚਲੇ ਗਏ ਸਨ ਅਤੇ ਭਾਈ ਦੱਗੋ ਵਾਪਸ ਧਮਤਾਨ ਆ ਗਿਆ।

(ਬਾਕੀ ਅਗਲੇ ਅੰਕ 'ਚ)

-ਡਾ. ਪਰਮਵੀਰ ਸਿੰਘ

27. ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 89.
28. ਉਹੀ, ਪੰਨਾ 91.
29. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 33.
30. ਸਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਸੰਪਾਦਕ ਪਿਆਰਾ ਸਿੰਘ ਪਦਮ, ਸਾਖੀਆਂ 24-25, ਪੰਨੇ 73-74.

# ਕਰੀਮ ਖਾਂ ਉਧਾਰ

**(ਪਿਛਲੇ ਅੰਕ ਦਾ ਬਾਕੀ)**

ਕਰੀਮ-ਸੱਚ ਫੁਰਮਾਇਆ ਹੈ ਆਪ ਨੇ, ਪਰ ਪਾਤਿਸ਼ਾਹ ਇਹ ਜਗਤ ਵਿੱਚ ਅੱਡ ਅੱਡ ਮਤ, ਅੱਡ ਅੱਡ ਮਜ਼ਹਬ ਤੇ ਕੌਮਾਂ, ਜਾਤਾਂ, ਨਸਲਾਂ ਦੇ ਭੇਦ ਕਰਕੇ ਕਿਉਂ ਵਿੱਥਾਂ ਪੈ ਰਹੀਆਂ ਹਨ? ਸਭ ਕੋਈ ਆਪਣੀ ਵੱਲ ਖਿੱਚਦਾ ਤੇ ਦੂਏ ਨੂੰ ਧੱਕੇ ਧੋੜੇ ਦਿੰਦਾ ਹੈ। ਆਪ ਇਕ ਨਵੇਂ ਪੰਥ ਦੇ ਆਗੂ ਹੋ, ਇਕ ਆਪ ਦੇ ਇਸ ਨਵੇਂ ਮਤ ਵਿੱਚ ਵਿਤਕਰਾ ਨਹੀਂ, ਵੈਰ ਨਹੀਂ, ਖਿੱਚੋਤਾਣ ਨਹੀਂ, ਇਹ ਕੀਹ ਖਲ (ਗੱਲ) ਹੈ?

ਗੁਰੂ ਜੀ-ਸੁਣ ਭਾਈ :

**ਕੋਊ ਭਇਓ ਮੁੰਡੀਆ ਸੰਨਿਆਸੀ**
**ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ**
**ਕੋਊ ਜਤੀ ਅਨੁਮਾਨਬੋ॥**
**ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫ਼ੀ**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**
**ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ**
**ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥**
**ਏਕ ਹੀ ਕੀ ਸੇਵ ਸਭਹੀ ਕੋ ਗੁਰਦੇਵ**
**ਏਕ ਏਕ ਹੀ ਸਰੂਪ ਸਭੈ**
**ਏਕੈ ਜੋਤ ਜਾਨਬੋ॥੮੫॥**
**ਦੇਹੁਰਾ ਮਸੀਤ ਸੋਈ**
**ਪੂਜਾ ਔ ਨਿਵਾਜ ਓਈ**
**ਮਾਨਸ ਸਭੈ ਏਕ ਪੈ**
**ਅਨੇਕ ਕੋ ਪ੍ਰਮਾਉ ਹੈ॥**
**ਦੇਵਤਾ ਅਦੇਵ ਜੱਛ**
**ਗੰਧ੍ਰਬ ਤੁਰਕ ਹਿੰਦੂ**
**ਨਯਾਰੇ ਨਯਾਰੇ ਦੇਸਨ ਕੇ**
**ਭੇਸ ਕੋ ਪ੍ਰਭਾਉ ਹੈ॥**
**ਏਕੈ ਨੈਨ ਏਕੈ ਕਾਨ**
**ਏਕੈ ਦੇਹ ਏਕੈ ਬਾਨ**
**ਖਾਕ ਬਾਦ ਆਤਸ਼ ਔ**
**ਆਬ ਕੋ ਰਲਾਉ ਹੈ॥**
**ਅਲਹ ਅਭੇਖ ਸੋਈ**
**ਪੁਰਾਨ ਔ ਕੁਰਾਨ ਓਈ**
**ਏਕ ਹੀ ਸਰੂਪ ਸਭੈ**
**ਏਕ ਹੀ ਬਨਾਉ ਹੈ॥੮੬॥**

ਇਹ ਹੈ ਵਾਸਤਵ ਵਿੱਚ ਸੱਚ। ਸਾਡਾ ਵੀ ਇਕ ਮਾਰਗ ਹੈ, ਪੰਥ ਹੈ। ਪਰ ਤ੍ਰੇੜਾਂ ਨੂੰ ਮੇਟਣ ਵਾਲਾ ਸੀਤਲ ਜਲ ਦਾ ਪ੍ਰਵਾਹ ਹੈ। ਸਾਡਾ ਮਾਰਗ ਹੈ ਇਹ ਕਿ ਹੇ ਭਾਈ ਆਪੋ ਵਿੱਚ ਵੈਰ ਭਾਵ ਨਾ ਰੱਖੋ। ਪ੍ਰੇਮ ਭਾਵ ਧਾਰਨ ਕਰੋ, ਤੁਹਾਡਾ ਪਿੱਛਾ ਪ੍ਰੇਮ ਸਰੂਪ ਹੈ, ਤੁਸੀਂ ਪ੍ਰੇਮ ਕਰੋ, ਭਜਨ ਕਰੋ, ਵਾਹਿਗੁਰੂਦੇ ਨੇੜੇ ਹੋਵੋ। ਜੋ ਤੁਹਾਡੇ ਮਨ ਦੀ ਵਿੱਥਾਂ ਵਾਲੀ ਤੇ ਵਿਤਕਰੇ ਵਾਲੀ ਮੈਲ ਉਤਰੇ ਤੇ ਦ੍ਰਿਸ਼ਟੀ ਖੁੱਲੇ। ਠੱਗੀ ਤੇ ਧੱਕੇ ਧੌੜ ਆਤਮਾ ਪਰਮਾਤਮਾ ਵਿੱਚ ਠੌਰ ਨਹੀਂ ਰੱਖਦੇ। ਇਸ ਸਿੱਖਿਆ ਦੇਣ ਵਿੱਚ ਤੇ ਜੀਵਾਂ ਨੂੰ ਗੁਰਮੁਖ ਬਣਾ ਕੇ ਵਾਹਿਗੁਰੂ ਨਾਲ ਜੋੜਨ ਵਿੱਚ ਵੀ ਈਰਖਾ ਵਾਲੇ ਇਸ ਮਾਰਗ ਨੂੰ ਤੋੜਨ ’ਤੇ ਉੱਤਰ ਪਏ ਹਨ। ਉਹ ਪਰਜਾ ’ਤੇ ਜ਼ੁਲਮ ਕਰਦੇ ਹਨ, ਪਰ ਅਸੀਂ ਸੁਮਤੀ ਦੇਂਦੇ ਹਾਂ ਕਿ ਤੁਹਾਡੇ ਵੀਰ ਹਨ, ਪਿਆਰ ਕਰੋ।

ਮਜ਼ਹਬ ਨਾਮ ਰਸਤੇ ਦਾ ਹੈ ਤੇ ਰਸਤਾ ਰੱਬ ਦਾ ਹੈ। ਰੱਬ ਪ੍ਰੇਮ ਹੈ, ਪ੍ਰੇਮ ਸਰੂਪ ਦੇ ਰਸਤੇ ਛੁਰੀ ਤੇ ਕਤਲ, ਵੈਰ ਤੇ ਵਿਰੋਧ ਨਾ ਵਰਤੋ। ਉਹ ਹੁਣ ਇਸ ਪੰਥ ਨੂੰ ਵੀ ਤਬਾਹ ਕਰਨਾ ਚਾਹੁੰਦੇ ਹਨ। ਇਸ ਕਰਕੇ ਅਸਾਂ ਨੇ ਉਹਨਾਂ ਦੀ ਚੱਲ ਰਹੀ ਤਲਵਾਰ ਦੇ ਅੱਗੇ ਆਪਣੀ ਤਲਵਾਰ ਪੇਸ਼ ਕੀਤੀ ਹੈ ਕਿ ਇਹੋ ਢਾਲ ਧਰੋਹੀ ਦੀ ਤਲਵਾਰ ਨੂੰ ਤੋੜ ਕੇ ਜਗਤ ਵਿੱਚ ਸੁੱਖ ਵਰਤਾ ਸਕੇਗੀ। ਹੇ ਬੱਚਾ! ਸਾਈਂ ਨਾਲ ਮਿਲਿਆ ਰਹਿ ਕੇ ਤੇ ਸਾਈਂ ਦੀ ਸ੍ਰਿਸ਼ਟੀ ਨਾਲ ਨਿਰਵੈਰ ਰਹਿ ਕੇ ਜਗਤ ਵਿੱਚ ਗੁਰਮੁਖ ਆਪਾਵਾਰ ਕੰਮ ਕਰਦਾ ਹੈ ਤੇ ਹਉਂ ਤੋਂ ਦੂਰ ਰਹਿ ਕੇ ਨੇਕੀ ਤੇ ਸਦਾਚਾਰ ਨਾਲ ਭਲੇ ਦੇ ਕੰਮ ਕਰਦਾ ਹੋਇਆ ਹੁਕਮ ਤੇ ਦ੍ਰਿਸ਼ਟੀ ਰੱਖਦਾ ਹੈ। ਸੋ ਸਾਡਾ ਵੀ ਪੰਥ ਹੈ, ਪਰ ਅੱਗ ਲੱਗੇ ਸ਼ਹਿਰ ਦੀ ਅੱਗ ਬੁਝਾਵਣ ਵਾਲਿਆਂ ਦਾ ਇਹ ਜਥਾ ਹੈ। ਇਹ ਇਕ ਨਿਰਵਾਸ ਸੇਵਕਾਂ ਦੀ ਜਥੇਬੰਦੀ ਹੈ, ਜੋ ਠੰਢ ਵਰਤਾਉਣ ਵਾਸਤੇ ਸਾਜੀ ਗਈ ਹੈ। ਇਸੇ ਕਰਕੇ ਅਸੀਂ ਇਸ ਦੇ ਹਰ ਬੰਦੇ ਨੂੰ ਨਾਮ ਬਖਸ਼ਦੇ ਹਾਂ ਤੇ ਵਾਹਿਗੁਰੂਜੀ ਦੀ ਲਿਵ ਬਖਸ਼ਦੇ ਹਾਂ ਤੇ ਗਿਆਨ ਦਾਨ ਕਰਦੇ ਹਾਂ ਕਿ ਜਗਤ ਸਦਾ ਨਹੀਂ, ਜਿਸ ਵਿੱਚ

ਲੱਗ ਕੇ ਆਪਣੇ ਇਖਲਾਕ ਨੂੰ ਵਿਗਾੜ ਤੇ ਭੁੱਲ ਵਿੱਚ ਨਾ ਵਰਤੋ। ਇਹ ਚੱਲਣੀ ਸਰਾਂ ਹੈ, ਜਿੰਨੀ ਨੇਕੀ ਕਰ ਸਕੋ, ਕਰੋ। ਸਰੀਰ ਨੇ ਰਹਿਣਾ ਨਹੀਂ, ਇਸ ਦੀ ਖਾਤਰ ਪਾਪ ਕਰਨੇ, ਝੂਠ ਕੁਸੱਤ ਕਮਾਉਣੇ ਕਿਸ ਅਰਥ? ਜੇ ਕਹੋ ਮਜ਼ਹਬ ਤੇ ਉਪਕਾਰ ਖ਼ਾਤਰ ਪਾਪ ਕਰ ਲਉ ਤਾਂ ਵੀ ਉਲਟੀ ਗੱਲ ਹੋਈ। ਮਜ਼ਹਬ ਤਾਂ ਰਸਤਾ ਹੈ ਪ੍ਰੇਮ ਸਾਗਰ ਦੇ ਪਾਸ ਲੈ ਜਾਣ ਵਾਲਾ ਤੇ 'ਨੇਕੀ ਕੁੱਲ' ਦੇ ਪਾਸ ਪਹੁੰਚਾਉਣ ਵਾਲਾ। ਉੱਥੇ ਝੂਠ ਕੁਸੱਤ ਵੈਰ ਡਾਹ ਦਾ ਕੀਹ ਟਿਕਾਣਾ? ਸੋ ਜਿਨ੍ਹਾਂ 'ਚੱਲਣ' ਸੱਚ ਕਰ ਜਾਤਾ ਹੈ, ਉਹ ਨਿਸ਼ਪਾਪ ਹੋ ਜਾਂਦੇ ਹਨ, ਨਾਮ ਜਪਦੇ ਹਨ, ਇਸ ਨਾਲ ਹਉਂ ਕੱਟ ਜਾਂਦੀ ਹੈ ਤੇ ਵਾਹਿਗੁਰੂ ਜੀ ਨਾਲ ਮੇਲ ਹੋ ਜਾਂਦਾ ਹੈ। ਫੇਰ ਸੱਤੇ ਖੈਰੀਂ ਹੋ ਜਾਂਦੀਆਂ ਹਨ। ਬੱਚਾ ਕਰੀਮ! ਦੇਖ ਇਹ ਜੀਵਨ ਥੋੜ੍ਹੇ ਦਿਨ੍ਹਾਂ ਦਾ ਹੈ, ਪਰ ਆਤਮ ਜੀਵਨ ਸਦਾ ਦਾ ਹੈ। ਅਵਿਨਾਸ਼ੀ ਜੀਵਨ ਆਤਮ ਜੀਵਨ ਹੈ। ਹੁਣ ਜਦ ਤੂੰ ਸਮਝਿਆ ਹੈ ਕਿ ਇਹ ਅੰਸ਼ ਆਪਣੇ ਅਸਲੇ ਨੂੰ ਉਸੇ ਦੇ ਸਿਮਰਨ ਨੇ ਪਹੁੰਚਾ ਦਿੱਤਾ ਹੈ ਤਾਂ ਤੂੰ ਅਮਰ ਸੁਖੀ ਹੋ ਗਿਆ ਹੈਂ। ਹਉਂ ਵਿੱਚੋਂ ਬਿਲਾ ਗਈ ਹੈ, ਹੁਣ ਨਾ ਕਾਮ ਹੈ, ਨਾ ਕ੍ਰੋਧ ਹੈ, ਨਾ ਲੋਭ ਹੈ, ਨਾ ਮੋਹ ਹੈ, ਨਾ ਤ੍ਰਿਸ਼ਨਾ ਹਨ, ਨਾ ਵਾਸ਼ਨਾ। ਤੂੰ ਜੁੜ ਰਿਹਾ ਹੈਂ, ਅੰਤਰ ਆਤਮੇ ਮਿਲ ਰਿਹਾ ਹੈਂ :

**ਮਃ ੨ ॥ ਮਿਲਿਐ ਮਿਲਿਆ ਨਾ ਮਿਲੈ**
**ਮਿਲੈ ਮਿਲਿਆ ਜੇ ਹੋਇ ॥**
**ਅੰਤਰ ਆਤਮੈ ਜੋ ਮਿਲੈ**
**ਮਿਲਿਆ ਕਹੀਐ ਸੋਇ ॥ ੩ ॥**

(ਅੰਕ ੭੯੧)

ਮਹਾਰਾਜ ਇਸ ਤਰ੍ਹਾਂ ਦੇ ਬਚਨ ਕਰ ਰਹੇ ਸਨ, ਉਹ ਰਾਜ ਪੁੱਤਰ ਆਪੇ ਵਿੱਚ ਸਮਾਉਂਦਾ ਜਾਂਦਾ ਸੀ, ਮਾਨੋਂ ਆਪੇ ਵਿੱਚ ਆਪ ਜੁੜਦਾ ਲੀਨ ਹੋ ਗਿਆ। ਸਤਿਗੁਰੂ ਜੀ ਚੁੱਪ ਹੋ ਗਏ। ਆਪਣੇ ਆਪੇ ਵਿੱਚ ਉਹ ਅਨੁਭਵ ਦੇ ਦੇਸ਼ ਵਿੱਚ ਨਿਮਗਨ ਹੋ ਗਿਆ। ਜਦੋਂ ਕੁੱਛ ਸਮੇਂ ਬਾਅਦ ਨੈਣ ਖੁੱਲ੍ਹੇ ਤਾਂ ਉਸਨੂੰ ਬਾਹਰ ਦੀ ਜਹੂਰ ਦਾ ਝਲਕਾ ਵੱਜਾ ਕਿ ਸਾਰੇ ਉਸੇ ਦਾ ਪ੍ਰਕਾਸ਼ ਹੈ। ਇਹ ਦੇਖ ਕੇ ਉਸਦੇ ਨੈਣ ਫਿਰ ਜੁੜ ਗਏ। ਕਈ ਵਾਰ ਜੁੜੇ ਤੇ ਖੁੱਲੇ। ਹੁਣ ਖੁੱਲੇ ਤਾਂ ਨਜ਼ਰ ਸ੍ਰੀ ਸਤਿਗੁਰੂ ਜੀ ਦੇ ਸੋਹਣੇ ਚਿਹਰੇ 'ਤੇ ਪਈ। ਆਪ ਇਸ ਵੇਲੇ ਕਿਸੇ ਦਗਦਗ ਕਰਦੇ ਇਲਾਹੀ ਰੰਗ ਵਿੱਚ ਸਨ। ਕੀਹ ਉਹਨੂੰ ਦਿੱਸਿਆ ਕਿ ਜਿਸ ਅਸੀਮਾਂ ਅਨੰਤ ਵਿੱਚ ਮੈਂ ਗੁੰਮ ਹੋ ਰਿਹਾ ਸਾਂ, ਉਹ ਤਾਂ ਇਸ ਹੱਦ ਵਾਲੇ ਮੇਰੇ ਸਾਹਮਣੇ ਬੈਠੇ ਸਰੀਰ ਵਿੱਚ ਸਾਖਯਾਤ ਹੈ। ਇਹ ਜਲਵਾ ਅਜੀਬ ਸੀ। ਇਸ ਦੀ ਝਾਲ ਅਝੱਲ ਸੀ। ਜੋ ਰਸ ਉਸਨੂੰ ਆ ਰਿਹਾ ਸੀ, ਸੋ ਅਕਹਿ ਸੀ। ਇਸ ਰਸ ਤੋਂ ਜਦ ਉਹ ਸੋਚ ਵਿੱਚ ਆਇਆ ਤਾਂ ਉਸ ਨੇ ਚਰਨਾਂ 'ਤੇ ਸੀਸ ਧਰਿਆ, ਥਰਰ ਥਰਰ ਕਰਦੀ ਇਕ ਥਰਰਾਟ ਸਾਰੇ ਬਦਨ ਵਿੱਚੋਂ ਲੰਘੀ। ਚਰਨਾਂ ਨੂੰ ਲਿਪਟਦਾ ਹੈ ਤੇ ਮਨ ਹੀ ਮਨ ਆਖਦਾ ਹੈ, ਜੋਗੀ ਧਿਆਨੀ ਤੇ ਮੁਰਾਕਬਿਆਂ ਵਾਲੇ ਖੁਦਾ ਨੂੰ ਧਿਆਨ ਦਾ ਵਿਸ਼ਾ ਨਾ ਬਣਾ ਸਕੇ, ਪਰ ਦੇਖੋ ਪ੍ਰੇਮ ਦੇ ਵੱਸੀ ਹੋ ਕੇ ਕੀਕੂੰ ਇਸ ਦੇਹ ਵਿੱਚ ਬੈਠਾ ਹੋਇਆ ਇਨ੍ਹਾਂ ਮੇਰੇ ਖਾਕੀ ਨੈਣਾਂ ਨੂੰ ਸਾਖਯਾਤ ਜਲਵਾ ਦੇ ਰਿਹਾ ਹੈ, ਵਾਹ ਵਾਹ! ਧੰਨ ਹੈ ਬਿਰਦ ਉਸ ਰੱਬ ਦਾ, ਅੱਲਾ ਦਾ, ਵਾਹਿਗੁਰੂ, ਮੇਰੇ ਆਪਣੇ ਵਾਹਿਗੁਰੂ ਦਾ।

ਸ੍ਰੀ ਸਤਿਗੁਰੂ ਜੀ ਨੇ ਉਸ ਦਾ ਸੀਸ ਬੜੇ ਪਿਆਰ ਨਾਲ ਚਾਇਆ, ਸਿਰ 'ਤੇ ਹੱਥ ਫੇਰ ਕੇ ਕਿਹਾ, ਬੱਚਾ ਨਿਹਾਲ! ਲੱਗਾ ਰਹੁ ਆਪਣੇ ਰੰਗ। ਤੇਰੇ ਲਈ ਹੁਣ ਕਰਨੀ ਇਹੋ ਹੀ ਹੈ ਕਿ ਇਸੇ ਰੰਗ ਰੱਤਾ ਰਹੁ ਤੇ ਇਸੇ ਰੰਗ ਜੀਵਨ ਯਾਤਰਾ ਸਮਾਪਤ ਕਰ।

ਕਰੀਮ ਨੂੰ ਹੋਸ਼ ਆਈ, ਸ਼ੁਕਰ ਸਰੂਪ ਹੋ ਰਿਹਾ ਸੀ। ਬੋਲਿਆ :

ਵਾਹ ਪਾਤਿਸ਼ਾਹ ਆਤਮ ਜੋਤਾਂ ਦੇ ਪ੍ਰਕਾਸ਼ਕਾ! ਮੈਂ ਜਾਤਾ ਸੀ ਕਿ ਮੈਂ ਰਾਜ ਗੁਆ ਕੇ ਕੰਗਾਲ ਹੋ ਗਿਆ ਹਾਂ, ਪਰ ਆਪ ਨੇ ਮੁੜ ਐਸ਼੍ਵਰਜ਼ ਬਖਸ਼ ਕੇ ਮੈਨੂੰ ਸਰਦਾਰ ਬਣਾ ਦਿੱਤਾ। ਮੈਨੂੰ ਕੀ ਪਤਾ ਸੀ ਕਿ ਮੈਂ ਤਾਂ ਬੜਾ ਅਮੋਲਕ ਰਾਜ-'ਆਤਮ ਰਾਜ'-ਗੁਆ ਕੇ ਅਜੇ ਵੀ ਕੰਗਾਲ ਹਾਂ। ਹਾਇ! ਉਸ ਰਾਜ ਗੁਆਚੇ ਦੀ ਮੈਨੂੰ ਸੋਝੀ ਤਾਂ ਸੀ, ਪਰ ਇਸ ਰਾਜ ਗੁਆਚੇ ਦੀ ਮੈਨੂੰ ਸੋਝੀ ਵੀ ਨਹੀਂ ਸੀ। ਹੇ ਦਾਤਾ! ਤੂੰ ਧੰਨ ਹੈਂ, ਜਿਸ ਨੇ ਨਾਮ ਬਖਸ਼ ਕੇ, ਸਤਿਸੰਗ ਬਖਸ਼ ਕੇ, ਮੇਰੇ ਨੈਣ ਖੋਹਲੇ, ਮੈਨੂੰ ਆਤਮ ਰਾਜ ਬਖਸ਼ਿਆ, ਜੋ ਸਭ ਰਾਜਾਂ ਦੇ ਸਿਰ ਰਾਜ ਹੈ। ਧੰਨ ਹੋ ਆਪ ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਕਤ ਭੁਗਤ ਦੇ ਦਾਤਾ। ਆਪ ਧੰਨ ਹੋ! ਆਪ ਧੰਨ ਹੋ!! ਆਪ ਧੰਨ ਹੋ!!!

ਇਉਂ ਕਹਿੰਦਾ ਆਪਣੇ ਆਪੇ ਵਿੱਚ ਟਿਕ ਗਿਆ, ਅਰ ਥੋੜ੍ਹੇ ਸਮੇਂ ਬਾਅਦ ਸ੍ਰੀ ਕਰੀਮ ਜੀ ਕਾਦਰ ਕਰਤਾ ਕਰੀਮ ਦੇ ਦੇਸ਼ ਚਲੇ ਗਏ।

-ਡਾ. ਭਾਈ ਵੀਰ ਸਿੰਘ

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਰਗਰਮੀਆਂ...

## ਗੁਰਦੁਆਰਾ ਬੰਗਲਾ ਸਾਹਿਬ ਵਿਚ ਸਭ ਤੋਂ ਸਸਤਾ ਡਾਇਗਨੌਸਟਿਕ ਸੈਂਟਰ ਸ਼ੁਰੂ

### ਐਮ.ਆਰ.ਆਈ., ਸੀ.ਟੀ. ਸਕੈਨ, ਅਲਟਰਾ ਸਾਊਂਡ ਤੇ ਹੋਰ ਟੈਸਟ ਸਭ ਤੋਂ ਸਸਤੇ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਥੇ ਗੁਰਦੁਆਰਾ ਬੰਗਲਾ ਸਾਹਿਬ ਕੰਪਲੈਕਸ ਵਿਚ ਅਤਿ ਆਧੁਨਿਕ ਮਸ਼ੀਨਾਂ ਨਾਲ ਲੈਸ ਡਾਇਗਨੋਸਟਿਕ ਸੈਂਟਰ ਸ਼ੁਰੂ ਕੀਤਾ ਜਿਸ ਵਿਚ ਐਮ ਆਰ ਆਈ, ਸੀ ਟੀ ਸਕੈਲ, ਅਲਟਰਾ ਸਾਊਂਡ, ਡਿਜੀਟਲ ਐਕਸ ਰੇਅ ਤੇ ਹੋਰ ਟੈਸਟ ਕੀਤੇ ਜਾਣਗੇ। ਇਥੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਦੀ ਐਮ ਆਰ ਆਈ ਤੇ ਹੋਰ ਟੈਸਟ ਸਿਰਫ 50 ਰੁਪਏ ਵਿਚ ਕੀਤੇ ਜਾਣਗੇ।

ਕਮੇਟੀ ਵੱਲੋਂ ਜੁਨੇਜਾ ਪਰਿਵਾਰ, ਚਾਵਲਾ ਪਰਿਵਾਰ ਤੇ ਇਸ ਪ੍ਰਾਜੈਕਟ ਲਈ ਯੋਗਦਾਨ ਦੇਣ ਵਾਲੇ ਹਰ ਵਿਅਕਤੀ ਦਾ ਧੰਨਵਾਦ ਕੀਤਾ। ਇਸ ਮੌਕੇ ਇਹਨਾਂ ਪਰਿਵਾਰਾਂ ਦਾ ਦਿੱਲੀ ਗੁਰਦੁਆਰਾ ਕਮੇਟੀ ਨੇ ਸਨਮਾਨ ਵੀ ਕੀਤਾ।




ਸੈਂਟਰ ਦਾ ਉਦਘਾਟਨ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ ਨੇ ਕੀਤਾ। ਉਦਘਾਟਨ ਤੋਂ ਪਹਿਲਾਂ ਅਕਾਲ ਪੁਰਖ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ।










ਸ. ਸਿਰਸਾ ਨੇ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਵਿਚ ਕਿਡਨੀ ਡਾਇਲਸਿਸ ਹਸਪਤਾਲ ਸ਼ੁਰੂ ਕਰਨ ਤੋਂ ਬਾਅਦ ਇਹ ਦੂਜਾ ਵੱਡਾ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਨਾਲ ਲੋਕਾਂ ਨੂੰ ਆਪਣਾ ਇਲਾਜ ਕਰਵਾਉਣ ਵਿਚ ਬਹੁਤ ਵੱਡੀ ਸਹਾਇਤਾ ਮਿਲੇਗੀ।




ਸ. ਸਿਰਸਾ ਤੇ ਸ. ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਅਜਿਹੇ ਪ੍ਰਾਜੈਕਟ ਜੋ ਕਿ ਮੌਜੂਦਾ ਸਮੇਂ ਵਿਚ ਬਹੁਤ ਵੱਡੀ ਜ਼ਰੂਰਤ ਬਣ ਗਏ ਹਨ, ਰਾਹੀਂ ਮਨੁੱਖਤਾ ਦੀ ਸੇਵਾ ਜਾਰੀ ਰੱਖੇਗੀ। ਉਹਨਾਂ ਨੇ ਕਿਸਾਨ ਅੰਦੋਲਨ ਲਈ ਆਪਣੀ ਹਮਾਇਤ ਮੁੜ ਦੁਹਰਾਈ ਤੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ 26 ਜਨਵਰੀ ਦੀ ਕਿਸਾਨ ਪਰੇਡ ਮੌਕੇ ਗ੍ਰਿਫਤਾਰ ਕੀਤੇ ਗਏ ਹਰ ਵਿਅਕਤੀ ਨੂੰ ਜੇਲ੍ਹ ਵਿਚੋਂ ਬਾਹਰ ਕੱਢਵਾਏਗੀ ਤੇ ਨਿਆਂ ਦੁਆਏਗੀ ਤੇ ਕਿਸਾਨ ਅੰਦੋਲਨ ਲਈ ਹਰ ਸੇਵਾ ਉਪਲਬਧ ਕਰਵਾਏਗੀ ਭਾਵੇਂ ਉਹ ਲੰਗਰ ਹੋਵੇ, ਕਾਨੂੰਨੀ ਸਹਾਇਤਾ ਹੋਵੇ ਜਾਂ ਫਿਰ ਸੰਘਰਸ਼ ਦੀ ਕੋਈ ਵੀ ਜ਼ਰੂਰਤ ਹੋਵੇ।




# ਗੁਰਦੁਆਰਾ ਬਾਲਾ ਸਾਹਿਬ ਵਿੱਚ ਦੇਸ਼ ਦਾ ਸਭ ਤੋਂ ਵੱਡਾ ਡਾਇਲਸਿਸ ਸੈਂਟਰ ਸ਼ੁਰੂ

**ਹਸਪਤਾਲ 'ਚ ਨਹੀ ਹੋਵੇਗਾ ਕੋਈ ਬਿਲਿੰਗ ਕਾਊਟਰ**
**ਮਰੀਜਾਂ ਨੂੰ ਸਭ ਸੇਵਾਵਾਂ ਮਿਲਣਗੀਆਂ ਮੁਫ਼ਤ**
**ਇਕ ਸਮੇ 'ਚ ੧੦੧ ਮਰੀਜਾਂ ਦਾ ਹੋ ਸਕੇਗਾ ਡਾਇਲਸਿਸ**
**ਰੋਜ਼ਾਨਾ ੫੦੦ ਮਰੀਜਾਂ ਦਾ ਹੋਵੇਗਾ ਡਾਇਲਸਿਸ**
**ਛੇਤੀ ਕੀਤਾ ਜਾਵੇਗਾ ਹਸਪਤਾਲ ਨੂੰ ੧੦੦੦ ਬੈਡ ਵਾਲਾ**

21 ਸਾਲਾਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਬਾਲਾ ਸਾਹਿਬ ਹਸਪਤਾਲ ਸ਼ੁਰੂ ਹੋ ਗਿਆ ਹੈ, ਜਿਸ ਵਿਚ ਪੰਥ ਰਤਨ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੇ ਨਾਂ 'ਤੇ ਬਣਾਏ ਦੇਸ਼ ਦੇ ਸਭ ਤੋਂ ਵੱਡੇ ਕਿਡਨੀ ਡਾਇਲਸਿਸ ਹਸਪਤਾਲ ਦਾ ਉਦਘਾਟਨ ਬਾਬਾ ਬਚਨ ਸਿੰਘ ਨੇ ਗੁਰਦੁਆਰਾ ਬਾਲਾ ਸਾਹਿਬ ਕੰਪਲੈਕਸ ਵਿੱਚ ਕੀਤਾ। ਇਹ ਹਸਪਤਾਲ 24 ਘੰਟੇ ਕੰਮ ਕਰੇਗਾ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਹਸਪਤਾਲ 'ਚ ਕੋਈ ਬਿਲਿੰਗ ਕਾਊਂਟਰ ਨਹੀਂ ਹੈ ਅਤੇ ਮਰੀਜਾਂ ਨੂੰ ਸਭ ਸੇਵਾਵਾਂ ਮੁਫ਼ਤ ਪ੍ਰਦਾਨ ਕੀਤੀ ਜਾਣਗੀਆਂ । ਸ. ਸਿਰਸਾ ਨੇ ਕਿਹਾ ਕਿ ਇਸ ਹਸਪਤਾਲ ਵਿੱਚ ਇਕ ਸਮੇਂ 101 ਮਰੀਜ਼ਾਂ ਦਾ ਡਾਇਲਿਸਿਸ ਹੋ ਸਕੇਗਾ ਤੇ ਰੋਜ਼ਾਨਾ 500 ਮਰੀਜ਼ਾਂ ਦਾ ਡਾਇਲਿਸਿਸ ਹੋ ਸਕੇਗਾ। ਉਨ੍ਹਾਂ ਦੱਸਿਆ ਕਿ ਛੇਤੀ ਹੀ ਹਸਪਤਾਲ ਨੂੰ ਵਧਾ ਕੇ 1000 ਬੈਡਾਂ ਵਾਲਾ ਕੀਤਾ ਜਾਵੇਗਾ।














ਦਿੱਲੀ ਗੁਰਦੁਆਰਾ ਕਮੇਟੀ ਕਾਰਪੋਰੇਟ ਘਰਾਣਿਆਂ ਤੋਂ ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਟੀ (ਸੀ.ਐਸ.ਆਰ.) ਅਜਿਹੇ ਪ੍ਰਾਜੈਕਟਾਂ ਲਈ ਯੋਗਦਾਨ ਪਾਉਣ ਵਾਲੇ ਸੱਜਣਾਂ ਦੇ ਯੋਗਦਾਨ ਤੇ ਸਰਕਾਰੀ ਸਕੀਮਾਂ ਦਾ ਪੂਰਾ ਲਾਭ ਲੈ ਕੇ ਇਸ ਹਸਪਤਾਲ ਨੂੰ ਚਲਾਏਗੀ। ਦੇਸ਼ ਦੇ ਨਾਮੀ ਡਾਕਟਰ ਜਿਹੜੇ ਪਹਿਲਾਂ ਹੀ ਡਾਇਲਿਸਿਸ ਦੇ ਖੇਤਰ ਵਿਚ ਹਨ, ਇਸ ਕਿਡਨੀ ਡਾਇਲਿਸਿਸ ਹਸਪਤਾਲ ਦਾ ਪ੍ਰਬੰਧ ਸੰਭਾਲਣਗੇ।





ਇਸ ਮੌਕੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ, ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ, ਤਖਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ, ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ ਤੇ ਹੋਰ ਅਹੁਦੇਦਾਰਾਂ ਤੋਂ ਇਲਾਵਾ ਉਘੇ ਸਨਅਤਕਾਰ ਅਤੇ ਪਦਮਸ੍ਰੀ ਸ. ਵਿਕਰਮਜੀਤ ਸਿੰਘ ਸਾਹਨੀ, ਕਿਸਾਨ ਆਗੂ ਰਾਕੇਸ਼ ਟਿਕੈਤ, ਰਾਜਿੰਦਰ ਸਿੰਘ ਚੱਠਾ ਤੋਂ ਇਲਾਵਾ ਪਤਵੰਤੇ ਸੱਜਣਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਤੋਂ ਪ੍ਰੇਰਨਾ ਲੈ ਕੇ ਗੁਰਦੁਆਰਾ ਸਾਹਿਬਾਨ ਕੰਪਲੈਕਸ ਅੰਦਰ ਅਜਿਹੀਆਂ ਮੈਡੀਕਲ ਸਹੂਲਤਾਂ ਸਥਾਪਿਤ ਕਰਨ ਦਾ ਸੱਦਾ ਦਿੱਤਾ। ਇਸ ਪ੍ਰਾਜੈਕਟ ਦਾ ਦੌਰਾ ਕੀਤਾ ਤੇ ਸਮੀਖਿਆ ਕਰਨ ਤੋਂ ਬਾਅਦ ਜਥੇਦਾਰ ਨੇ ਕਿਹਾ ਕਿ ਉਹਨਾਂ ਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਜਿਹੜੀ ਕਿ ਸਿੱਖ ਕੌਮ ਦੀ ਸੰਸਥਾ ਹੈ, ਦੇਸ਼ ਦਾ ਸਭ ਤੋਂ ਵੱਡਾ ਕਿਡਨੀ ਡਾਇਲਸਿਸ ਹਸਪਤਾਲ ਸ਼ੁਰੂ ਕਰਨ ਜਾ ਰਹੀ ਹੈ।

# ਸਿੱਖ ਜਿਹੜੇ ਕੰਮ ਸ਼ੁਰੂ ਕਰ ਲੈਂਦੇ ਹਨ, ਕਦੇ ਵਿੱਚ ਨਹੀਂ ਛੱਡਦੇ : ਰਾਕੇਸ਼ ਟਿਕੈਤ





ਗੁਰਦੁਆਰਾ ਬਾਲਾ ਸਾਹਿਬ ਵਿਖੇ ਡਾਇਲਸਿਸ ਸੈਂਟਰ ਦੇ ਉਦਘਾਟਨੀ ਸਮਾਰੋਹ 'ਚ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ । ਨਾਲ ਹਨ ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸ. ਅਵਤਾਰ ਸਿੰਘ ਹਿੱਤ, ਧਰਮ ਪ੍ਰਚਾਰ ਕਮੇਟੀ ਦੇ ਸਹਿ-ਚੇਅਰਮੈਨ ਸ. ਇੰਦਰਜੀਤ ਸਿੰਘ ਮੌਂਟੀ ਅਤੇ ਕਿਸਾਨ ਨੇਤਾ ਸ੍ਰੀ ਰਾਕੇਸ਼ ਟਿਕੈਤ । ਹੇਠਾਂ ਸੰਗਤਾਂ ।



ਸਰਕਾਰੀ ਧੱਕੇਸ਼ਾਹੀ ਨਾਲ ਕਿਸਾਨ ਅੰਦੋਲਨ ਨੂੰ ਕੁਚਲਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਦੇਸ਼ਭਰ 'ਚ ਕਿਸਾਨਾਂ ਦੇ ਅੰਦੋਲਨ ਨੂੰ ਮੁੜ ਲੀਹੇ 'ਤੇ ਲਿਆਉਣ ਵਾਲੇ ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਕਿਹਾ ਕਿ ਅਸੀਂ 20 ਸਾਲ ਤੋਂ ਇਹ ਇਮਾਰਤ ਦੇਖ ਰਹੇ ਸੀ ਤੇ ਹੈਰਾਨ ਸੀ ਕਿ ਸਿੱਖ ਤਾਂ ਜਿਹੜੇ ਕੰਮ ਸ਼ੁਰੂ ਕਰ ਲੈਂਦੇ ਹਨ, ਕਦੇ ਵਿੱਚ ਨਹੀਂ ਛੱਡਦੇ । ਉਨ੍ਹਾਂ ਕਿਹਾ ਕਿ ਕਲ੍ਹ ਸ਼ਾਮ ਜਦੋਂ ਪਤਾ ਲੱਗਾ ਕਿ ਇਥੇ ਸਭ ਤੋਂ ਵੱਡਾ ਕਿਡਨੀ ਡਾਇਲਸਿਸ ਹਸਪਤਾਲ ਖੁੱਲ੍ਹ ਰਿਹਾ ਹੈ, ਉਹ ਵੀ ਜਿੱਥੇ ਸਭ ਦਾ ਇਲਾਜ ਮੁਫ਼ਤ ਹੋਵੇਗਾ ਤਾਂ ਬਹੁਤ ਖੁਸ਼ੀ ਹੋਈ । ਉਨ੍ਹਾਂ ਕਿਹਾ ਕਿ ਅਜਿਹੇ ਕੰਮ ਸਿਰਫ ਸਿੱਖ ਕੌਮ ਹੀ ਕਰ ਸਕਦੀ ਹੈ ।



ਕਿਸਾਨ ਅੰਦੋਲਨ ਦੌਰਾਨ 26 ਜਨਵਰੀ ਨੂੰ ਲਾਲ ਕਿਲ੍ਹਾ ਹਿੰਸਾ ਮਾਮਲੇ ’ਚ ਦਿੱਲੀ ਪੁਲਸ ਦੁਆਰਾ ਗ੍ਰਿਫਤਾਰ ਕੀਤੇ ਗਏ ਸੈਂਕੜੇ ਕਿਸਾਨਾਂ ਨੂੰ ਦਿੱਲੀ ਗੁਰਦੁਆਰਾ ਕਮੇਟੀ ਦੇ ਵਕੀਲਾਂ ਵੱਲੋਂ ਮਿਲੀ ਕਾਨੂੰਨੀ ਪੈਰਵੀ ਮਗਰੋਂ ਰਿਹਾਈ ਹੋਣ ’ਤੇ ਕਮੇਟੀ ਪ੍ਰਬੰਧਕਾਂ ਵੱਲੋਂ ਇਨ੍ਹਾਂ ਸਾਰੇ ਕਿਸਾਨਾਂ ਨੂੰ ਲਾਲ ਕਿਲ੍ਹੇ ਸਾਹਮਣੇ ਹੀ ਸਨਮਾਨਿਤ ਕੀਤਾ ਗਿਆ। ਕਿਸਾਨ ਅੰਦੋਲਨ ਦੌਰਾਨ ਜੇਲ੍ਹ ਗਏ ਕਿਸਾਨਾਂ ਨੂੰ ਦਿੱਲੀ ਕਮੇਟੀ ਵੱਲੋਂ ਹਰ ਸੰਭਵ ਕਾਨੂੰਨੀ ਸਹਾਇਤਾ ਦਿੱਤੀ ਜਾ ਰਹੀ ਹੈ।






ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲਿਆਂ ਦੇ ਸਹਿਯੋਗ ਨਾਲ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਸੁੰਦਰੀਕਰਨ ਉਪਰੰਤ ਤਿਆਰ ਕੀਤੇ ਗਏ ਨਵੇਂ ਲੰਗਰ ਹਾਲ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਅਤੇ ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ ਵੱਲੋਂ ਕਿਸਾਨ ਅੰਦੋਲਨ ਦੌਰਾਨ ਜੇਲ੍ਹ 'ਚ ਬੰਦੀ ਬਣਾਏ ਗਏ ਕਿਸਾਨਾਂ, ਜਿਨ੍ਹਾਂ ਨੂੰ ਕਮੇਟੀ ਦੇ ਲੀਗਲ ਸੈਲ ਦੇ ਵਕੀਲਾਂ ਵੱਲੋਂ ਮਿਲੀ ਕਾਨੂੰਨੀ ਪੈਰਵੀ ਮਗਰੋਂ ਰਿਹਾਅ ਕੀਤਾ ਗਿਆ ਉਨ੍ਹਾਂ ਦਾ ਸਿਰੋਪਾਓ ਪਾ ਕੇ ਸਨਮਾਨ ਵੀ ਕੀਤਾ ਗਿਆ।



ਦਿੱਲੀ ਕਮੇਟੀ ਵੱਲੋਂ ਕੀਤੀ ਗਈ ਕਾਨੂੰਨੀ ਪੈਰਵੀ ਤੋਂ ਮਗਰੋਂ ਕਿਸਾਨ ਅੰਦੋਲਨ ਦੌਰਾਨ ਗ੍ਰਿਫਤਾਰ ਕੀਤੇ ਗਏ ਰਣਜੀਤ ਸਿੰਘ ਦੀ ਜੇਲ੍ਹ ਤੋਂ ਰਿਹਾਈ ਹੋਣ ’ਤੇ ਸੁਭਾਸ਼ ਨਗਰ ਵਿਖੇ ਮਨਾਏ ਗਏ ‘‘ਦਿੱਲੀ ਫਤਿਹ ਦਿਵਸ’’ ’ਚ ਉਨ੍ਹਾਂ ਨੂੰ ਸਿਰੋਪਾ ਪਾ ਕੇ ਦਿੱਲੀ ਕਮੇਟੀ ਦੇ ਪ੍ਰਬੰਧਕ ਸਾਹਿਬਾਨਾਂ ਵੱਲੋਂ ਸਨਮਾਨਿਤ ਕੀਤਾ ਗਿਆ।









‘‘ਦਿੱਲੀ ਫਤਿਹ ਦਿਵਸ’’ ’ਚ ਗੁਰੂ ਸਾਹਿਬ ਦੇ ਜੀਵਨ ਸੰਬੰਧੀ ਨਾਟਕ ਰਾਹੀਂ ਪੇਸ਼ਕਾਰੀ ਪੇਸ਼ ਕਰਦੇ ਕਲਾਕਾਰ (ਹੇਠਾਂ) ਸ਼ਸਤਰ ਵਿਦਿਆ ਦੇ ਜੌਹਰ ਦਿਖਾਉਂਦੇ ਗਤਕਾ ਪਾਰਟੀ ’ਚ ਸ਼ਾਮਿਲ ਸਿੰਘ-ਸਿੰਘਣੀਆਂ।





''ਦਿੱਲੀ ਫਤਿਹ ਦਿਵਸ''
ਦੀਆਂ
ਵੱਖ-ਵੱਖ ਝਲਕੀਆਂ







ਗੁਰਦੁਆਰਾ ਬੰਗਲਾ ਸਾਹਿਬ ਵਿਖੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਸਾਹਿਬਾਨ
ਨਾਨਕਸ਼ਾਹੀ ਕੈਲੰਡਰ ਸੰਗਤਾਂ ਨੂੰ ਸਮਰਪਿਤ ਕਰਦੇ ਹੋਏ ।



# ਸ਼ਹੀਦ ਬਾਬਾ ਜੰਗ ਸਿੰਘ ਯਾਦਗਾਰੀ ਪਿਆਊ ਦਾ ਉਦਘਾਟਨ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁ: ਰਕਾਬ ਗੰਜ ਸਾਹਿਬ ਵਿਖੇ ਛਬੀਲ ਦਾ ਨਾਮਕਰਨ ਸ਼ਹੀਦ ਬਾਬਾ ਜੰਗ ਸਿੰਘ ਯਾਦਗਾਰੀ ਪਿਆਊ ਕਰਨ ਦਾ ਉਦਘਾਟਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਵੱਲੋਂ ਕੀਤਾ ਗਿਆ।








ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਦਿਨੀਂ 26 ਜਨਵਰੀ ਦੇ ਘਟਨਾਕ੍ਰਮ ਤੋਂ ਬਾਅਦ ਬੇਬੁਨਿਆਦ ਝੂਠਾ ਬਹਾਨਾ ਲਗਾ ਕੇ ਕੇਂਦਰ ਸਰਕਾਰ ਦੀ ਦਿੱਲੀ ਪੁਲੀਸ ਨੇ ਸੈਂਕੜੇ ਨੌਜਵਾਨਾਂ ਜਿਹਨਾਂ ਵਿਚ ਇਸਤਰੀਆਂ ਵੀ ਸ਼ਾਮਲ ਸਨ, ਨੂੰ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਿਹੜੇ ਬਹੁਤ ਸਾਰੇ ਸਿੰਘ ਹਾਲੇ ਵੀ ਜੇਲ੍ਹਾਂ ਵਿਚ ਬੰਦ ਜਿਹਨਾਂ ਵਿਚੋਂ ਕਈ 20 ਤੋਂ 25 ਸਾਲ ਤੋਂ ਬੰਦ ਹਨ, ਉਨ੍ਹਾਂ ਦੀ ਰਿਹਾਈ ਲਈ ਯਤਨ ਕੀਤੇ ਜਾਣਗੇ।



# ਗਿਆਨੀ ਹਰਪ੍ਰੀਤ ਸਿੰਘ ਵੱਲੋਂ ਜਰਨੈਲ ਹਰੀ ਸਿੰਘ ਨਲੂਆ ਹੋਸਟਲ ਦਾ ਉਦਘਾਟਨ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਯੂਨੀਵਰਸਿਟੀ ਵਿਚ ਚਲਾਏ ਜਾ ਰਹੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਚ ਜਰਨੈਲ ਹਰੀ ਸਿੰਘ ਨਲੂਆ ਹੋਸਟਲ ਦਾ ਉਦਘਾਟਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਕੀਤਾ।

ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਹਰੀ ਸਿੰਘ ਨਲੂਆਂ ਦੀ ਸਿੱਖ ਕੌਮ ਨੂੰ ਬਹੁਤ ਵੱਡੀ ਦੇਣ ਹੈ। ਉਹਨਾਂ ਦੇ ਨਾਂ 'ਤੇ ਹੋਸਟਲ ਦਾ ਨਾਂ ਰੱਖਣਾ ਬਹੁਤ ਫ਼ਖ਼ਰ ਵਾਲੀ ਗੱਲ ਹੈ। ਜਿਹੜੇ ਵਿਦਿਆਰਥੀ ਹੋਸਟਲ ਵਿਚ ਰਹਿਣਗੇ, ਉਹ ਜਰਨੈਲ ਹਰੀ ਸਿੰਘ ਨਲੂਆਂ ਦੇ ਜੀਵਨ ਬਾਰੇ ਜਾਣ ਸਕਣਗੇ। ਉਹਨਾਂ ਨੇ ਇਸ ਉਪਰਾਲੇ ਲਈ ਦਿੱਲੀ ਗੁਰਦੁਆਰਾ ਕਮੇਟੀ ਤੇ ਕਾਲਜ ਦੀ ਮੈਨੇਜਮੈਂਟ ਨੂੰ ਵਧਾਈ ਵੀ ਦਿੱਤੀ।






## ਹੋਸਟਲ ਵਿਚ ਰਹਿ ਸਕਣਗੇ ੨੨੦ ਵਿਦਿਆਰਥੀ

ਇਸ ਮੌਕੇ  ਕਮੇਟੀ ਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਜਰਨੈਲ ਹਰੀ ਸਿੰਘ ਨਲੂਆ ਬਹੁਤ ਬਹਾਦਰ ਤੇ ਦਲੇਰ ਜਰਨੈਲ ਸਨ ਜਿਹਨਾਂ ਦੇ ਜੀਵਨ ਤੋਂ ਵਿਦਿਆਰਥੀਆਂ ਨੂੰ ਸਿੱਖਿਆ ਲੈਣ ਦਾ ਮੌਕਾ ਮਿਲੇਗਾ। ਕਮੇਟੀ ਦੇ ਜਨਰਲ ਸਕੱਤਰ ਸ੍ਰੀ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਵਿਦਿਆਰਥੀ ਇਥੇ ਪੜਾਈ ਵਾਸਤੇ ਆਉਂਦੇ ਹਨ, ਹੋਸਟਲ ਵਿਚ 220 ਵਿਦਿਆਰਥੀ ਰਹਿ ਸਕਣਗੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੀਗਲ ਸੈਲ ਦੀ ਕਾਨੂੰਨੀ ਚਾਰਾਜੋਈ ਨਾਲ ਨਾਂਗਲੋਈ ਥਾਣਾ ਪੁਲਸ ਵੱਲੋਂ 26 ਜਨਵਰੀ ਹਿੰਸਾ ਮਾਮਲੇ ’ਚ ਗ੍ਰਿਫਤਾਰ ਕੀਤੇ ਗਏ ਜਸਪਾਲ ਸਿੰਘ ਨੂੰ ਜੇਲ੍ਹ ਤੋਂ ਰਿਹਾਅ ਕਰਾਉਣ ’ਚ ਸਫਲਤਾ ਮਿਲੀ।














## ਪ੍ਰਿੰਟਿੰਗ ਪ੍ਰੈਸ ਦਾ ਉਦਘਾਟਨ ਕੀਤਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁ: ਰਕਾਬ ਗੰਜ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਵਿਖੇ ਗੁਰਉਪਦੇਸ਼ ਪ੍ਰਿੰਟਰਜ਼ ਦੇ ਸੁੰਦਰੀਕਰਨ ਅਤੇ ਆਧੁਨਿਕੀਕਰਨ ਦੀ ਸੇਵਾ ਜਥੇਦਾਰ ਬਾਬਾ ਕਸ਼ਮੀਰ ਸਿੰਘ ਜੀ ਕਾਰ ਸੇਵਾ ਭੂਰੀ ਵਾਲਿਆਂ ਰਾਹੀਂ ਕਰਨ ਉਰਪੰਤ ਇਸ ਇਮਾਰਤ ਦਾ ਉਦਘਾਟਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜੇਕਰ ਦਿੱਲੀ ਜਾਂ ਕਿਸੇ ਵੀ ਸੂਬੇ ਦੀ ਪੁਲੀਸ ਸਿੱਖਾਂ ਨੂੰ ਹੱਥ ਪਾਉਂਦੀ ਹੈ ਤਾਂ ਕੌਮ ਦੀਆਂ ਸੰਸਥਾਵਾਂ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਨ੍ਹਾਂ ਦੀ ਪੈਰਵਾਈ ਕਰਨ। ਇਸ ਮੌਕੇ ਦਿੱਲੀ ਕਮੇਟੀ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ, ਜਨਰਲ ਸਕੱਤਰ ਸ. ਹਰਮੀਤ ਸਿੰਘ ਕਾਲਕਾ, ਬਾਬਾ ਜੋਗਾ ਸਿੰਘ ਕਰਨਾਲ ਵਾਲਿਆਂ ਤੋਂ ਇਲਾਵਾ ਜਥੇਦਾਰ ਅਵਤਾਰ ਸਿੰਘ ਹਿੱਤ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸ. ਜਤਿੰਦਰਪਾਲ ਸਿੰਘ ਨਰੂਲਾ ਅਤੇ ਕਈ ਪਤਵੰਤੇ ਮੌਜੂਦ ਸਨ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੁਲਾਈ 2020 (ਆਮਦਨ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਵੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਉ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | 25930 | 534794 | 26590 | 16429543 | --- | 173500 | 51000 | 20800 | 2000 | 346316 | 5430 | 617767 | 2563359 | --- | 2423516 | --- | --- | 4740090 | --- | --- | --- | --- |
| ਲੰਗਰ | 1601 | 78162 | 8633 | 20702786 | 13445 | 50557 | --- | 1431 | --- | 264582 | 29227 | 434204 | 555316 | --- | 1244040 | --- | --- | 1144580 | --- | --- | --- | --- |
| ਪ੍ਰਸ਼ਾਦਿ | 50 | 214887 | 70 | 6020274 | 12301 | 251896 | --- | 330 | 28650 | 399832 | 65485 | 467771 | 1034115 | --- | 716004 | --- | --- | 1783253 | --- | --- | --- | --- |
| ਸ੍ਰੀ ਆਖੰਡ ਪਾਠ | --- | 48800 | 6100 | 1433500 | --- | 30500 | --- | 6100 | 18300 | 18300 | 12200 | 183000 | 140300 | --- | 79300 | --- | --- | 488000 | --- | --- | --- | --- |
| ਕਿਊ.ਐਮ.ਸੀ. | 875 | 20860 | 645 | --- | 690 | 2557 | 550 | 780 | 1455 | 8890 | 12390 | 8020 | 14370 | 300 | 27450 | 750 | --- | 18354 | --- | --- | --- | --- |
| ਸਰਾਂ | --- | 400 | --- | --- | --- | 2100 | --- | --- | --- | --- | --- | --- | --- | --- | --- | --- | --- | --- | --- | --- | --- | --- |
| ਬਿਲਡਿੰਗ | 6700 | 500 | --- | 3100 | --- | --- | --- | 1000 | --- | --- | 5000 | --- | --- | --- | 3100 | --- | --- | --- | --- | --- | --- | --- |
| ਫੁਟਕਲ | --- | --- | --- | --- | --- | --- | --- | --- | --- | --- | --- | --- | --- | --- | --- | --- | --- | 17730 | --- | --- | 281386 | --- |
| ਆਨੰਦ ਕਾਰਜ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 54927 | --- | --- | --- |
| ਕੋਰੋਨਾ ਡੋਨੇਸ਼ਨ | --- | --- | --- | 48210227.97 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੂਦ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 6217 | --- | --- | --- |
| ਮੈਡੀਕਲ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5785 | --- | --- |
| ਸਿੱਖਿਆ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 158277 | --- | --- | --- |
| ਗੁ. ਬਾਬਾ ਬੁੱਢਾ ਜੀ TDI City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 50400 | --- | --- | --- |
| ਗੁ: ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1184 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 6576 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2450 | --- | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 41050 | --- | --- | --- |
| ਜੋੜ | 35156 | 898403 | 42038 | 92799431 | 26436 | 511110 | 51550 | 30441 | 50405 | 1037920 | 129732 | 1710762 | 4307460 | 300 | 4493410 | 750 | --- | 8192007 | 321081 | 5785 | 281386 | --- |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੁਲਾਈ 2020 (ਖਰਚ ਭਾਗ)

| ਅਕਾਊਂਟਸ ਖਰਚ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਉ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ | ਹੋਰ ਖਰਚ |
|---|---|---|---|---|---|---|---|---|---|---|---|---|---|---|---|---|---|---|---|---|---|---|
| ਲੰਗਰ | 5326 | 182527 | 35100 | 2851178 | --- | 9695 | 959 | 16807 | 18245 | 139063 | 12241 | 561565 | 887999 | 780812 | 4134 | 3659 | 844073 | --- | --- | --- | --- | --- |
| ਪ੍ਰਸ਼ਾਦਿ/ਪ੍ਰਸ਼ਾਦਿ ਹਜ਼ੂਰੀ | --- | 114314 | 8555 | 1187799 | 10000 | 213722 | --- | 12127 | 20555 | 365325 | 36245 | 190572 | 639608 | 473649 | 1280 | --- | 581940 | --- | --- | --- | --- | --- |
| ਸ੍ਰੀ ਆਖੰਡ ਪਾਠ | --- | 8838 | --- | 938953 | --- | 22096 | --- | --- | 12600 | 25638 | 1600 | 116031 | 123281 | 86996 | --- | 4200 | 304892 | --- | --- | --- | --- | --- |
| ਬਿਜਲੀ / ਪਾਣੀ | 33381 | 542941 | 19741 | 590201 | 16560 | 96441 | 9640 | 24050 | 52370 | 121181 | 34380 | 301021 | 421621 | 1124598 | 20338 | --- | 757842 | --- | --- | --- | --- | --- |
| ਫੁਟਕਲ | 9610 | 136706 | 16336 | 622547 | 3500 | 65642 | 7129 | 690 | --- | 104586 | 47980 | 130267 | 317448 | 691360 | 2300 | 3261 | 168246 | 14598 | --- | --- | --- | --- |
| ਟੈਲੀਫੋਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸਫਾਈ ਤੇ ਰੱਖਰਖਾਵ | --- | 41464 | 744 | 581106 | --- | 212400 | 337 | 676 | 704 | 37150 | 108800 | 406583 | 265500 | 538695 | --- | 771 | 415950 | --- | --- | --- | 62894 | --- |
| ਕਨਵੈਂਸ ਚਾਰਜਿਸ | 1050 | --- | 650 | 71800 | --- | --- | --- | 140 | --- | 3800 | --- | --- | 550 | 40 | --- | 630 | 3970 | --- | --- | --- | --- | --- |
| ਬਿਲਡਿੰਗ | --- | --- | --- | --- | --- | --- | --- | --- | --- | --- | --- | --- | --- | --- | 88667 | --- | --- | --- | --- | --- | --- | --- |
| ਰਿਪੇਅਰ ਤੇ ਰੱਖਰਖਾਵ | 125 | 177666 | 2440 | 282414 | 10053 | 52050 | --- | --- | 1800 | 21276 | 66980 | 119007 | 104868 | 221896 | 6071 | --- | 108481 | --- | --- | --- | 59096 | --- |
| ਲੰਗਰ ਅਤੇ ਫੁਟਕਲ (ਕੋਵਿਡ 19) | --- | --- | --- | 1220633 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੋਲਰ ਸਿਸਟਮ ਪਲਾਂਟ | --- | --- | --- | 424118 | --- | --- | --- | --- | --- | --- | --- | --- | 409080 | 1222957 | --- | --- | --- | --- | --- | --- | --- | --- |
| 1984 ਦੰਗਾ ਪੀੜ੍ਹਤ | --- | --- | --- | --- | --- | --- | --- | --- | --- | --- | --- | --- | --- | --- | --- | --- | --- | 30000 | --- | --- | --- | --- |
| ਐਡਵਰਟਾਇਜਮੈਂਟ | --- | --- | --- | --- | --- | --- | --- | --- | --- | --- | --- | --- | --- | --- | --- | --- | --- | 50000 | --- | --- | --- | --- |
| ਕੰਪਿਊਟਰ ਰਿਪੇਅਰ ਤੇ ਰੱਖ ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | 43034 | --- | --- | --- | --- |
| ਐਜੂਕੇਸ਼ਨ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 770117 | --- |
| ਮੁਲਾਜ਼ਮ ਭਲਾਈ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | 20000 | --- | --- | --- | --- |
| ਗੁ: ਬਾਬਾ ਬੁੱਢਾ ਜੀ TDI City | --- | --- | --- | --- | --- | --- | --- | --- | --- | --- | --- | --- | --- | --- | --- | --- | --- | 23947 | --- | --- | --- | --- |
| ਗੁ: ਬੈਕੁੰਠ ਧਾਮ | --- | --- | --- | --- | --- | --- | --- | --- | --- | --- | --- | --- | --- | --- | --- | --- | --- | 2015 | --- | --- | --- | --- |
| ਗੁ: ਮੰਗੋਲਪੁਰੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | 43044 | --- | --- | --- | --- |
| ਗੁ: ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 36495 | --- | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 91604 | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | 780672 | --- | --- | --- | --- |
| ਸਹਾਇਤਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | 1522141 | --- | --- | --- | --- |
| ਲੀਗਲ ਐਂਡ ਪ੍ਰੋਫੈਸਨਲ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | 595225 | --- | --- | --- | --- |
| ਮੈਡੀਕਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 402256 | --- | --- | --- |
| ਆਫਿਸ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | 1338957 | --- | --- | --- | --- |
| ਫਤਿਹ ਮਾਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | 1064650 | --- | --- | --- | --- |
| ਪੈਟਰੋਲ, ਡੀਜਲ ਤੇ ਸੀ.ਐਨ.ਜੀ. | --- | --- | --- | --- | --- | --- | --- | --- | --- | --- | --- | --- | --- | --- | --- | --- | --- | 875105 | --- | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | 3180 | --- | --- | --- | --- |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | 52420 | --- | --- | --- | --- |
| ਜਾਇਦਾਦ ਰੱਖ-ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 888161 | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | 553657 | --- | --- | --- | --- |
| ਰਿਪੇਅਰ ਅਤੇ ਰੱਖ ਰਖਾਵ ਗੱਡੀਆਂ | --- | --- | --- | --- | --- | --- | --- | --- | --- | --- | --- | --- | --- | --- | --- | --- | --- | 275347 | --- | --- | --- | --- |
| ਤਨਖ਼ਾਹ | --- | --- | --- | --- | --- | --- | --- | --- | --- | --- | --- | --- | --- | --- | --- | --- | --- | 31210581 | --- | --- | --- | --- |
| ਸਕਾਲਰਸ਼ਿਪ | --- | --- | --- | --- | --- | --- | --- | --- | --- | --- | --- | --- | --- | --- | --- | --- | --- | 12000 | --- | --- | --- | --- |
| ਵੈਬਸਾਈਟ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | 176528 | --- | --- | --- | --- |
| ਸਟੀਚਿੰਗ | --- | --- | --- | --- | --- | --- | --- | --- | --- | --- | --- | --- | --- | --- | --- | --- | --- | 4405 | --- | --- | --- | --- |
| ਜੋੜ | 49492 | 1204456 | 83566 | 8770749 | 40113 | 672046 | 18065 | 54490 | 106274 | 818019 | 308226 | 1825046 | 3169955 | 5141003 | 122790 | 12521 | 3185394 | 38819605 | 402256 | 888161 | 892107 | |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਅਗਸਤ 2020 (ਆਮਦਨ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | --- | 256727 | 200 | 24345795 | 1560 | 97750 | --- | --- | 132000 | 359602 | 7051 | 1411820 | 1877791 | --- | 2359800 | 41300 | 5100 | 6763751 | --- | --- | --- | --- |
| ਲੰਗਰ | 5090 | 32556 | 7600 | 20242621 | 6156 | 133453 | --- | --- | 1950 | 207706 | 26849 | 616180 | 524024 | --- | 828321 | 750 | 5647 | 2855582 | --- | --- | --- | --- |
| ਪ੍ਰਸ਼ਾਦਿ | --- | 221828 | 101 | 6330518 | 14851 | 272734 | --- | --- | 22500 | 413632 | 47965 | 547337 | 1372521 | --- | 969835 | 1800 | 200 | 2301611 | --- | --- | --- | --- |
| ਸ੍ਰੀ ਆਖੰਡ ਪਾਠ | --- | 61000 | 6100 | 1653100 | 6100 | 12200 | --- | --- | --- | 18300 | 12200 | 97600 | 223500 | --- | 91500 | --- | 18300 | 616100 | --- | --- | --- | --- |
| ਕਿਊ.ਐਮ.ਸੀ. | 875 | 21860 | 645 | --- | 690 | 2557 | 550 | 780 | 1455 | 8890 | 12490 | 8020 | 14960 | 300 | 42050 | 750 | --- | 19071 | --- | --- | --- | --- |
| ਸਰਾਂ | --- | --- | --- | 20650 | --- | --- | --- | --- | --- | 2600 | --- | --- | --- | --- | 18050 | --- | --- | --- | --- | --- | --- | --- |
| ਬਿਲਡਿੰਗ | --- | 1100 | --- | --- | 2000 | 10200 | --- | --- | --- | --- | --- | 5100 | --- | --- | 6250 | 500 | 1600 | 100000 | --- | --- | --- | --- |
| ਫੁਟਕਲ | --- | --- | --- | --- | --- | --- | --- | --- | --- | --- | --- | --- | --- | --- | 40 | --- | --- | --- | --- | --- | 307591 | --- |
| ਅਨੰਦ ਕਾਰਜ ਭੇਟਾ | --- | --- | --- | --- | --- | 75100 | --- | --- | --- | --- | --- | --- | 27300 | --- | 62000 | --- | --- | --- | --- | --- | --- | --- |
| ਗੁਰਪੁਰਬ | --- | --- | --- | 48210227.97 | --- | --- | --- | --- | --- | --- | --- | --- | --- | --- | --- | --- | --- | --- | 5871 | --- | --- | --- |
| ਸੂਦ/ਜੁਰਮਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 37432 | --- | --- | --- |
| ਮੈਡੀਕਲ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 270670 | --- | --- |
| ਐਜੂਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 666237 | --- | --- | --- |
| ਗੁ: ਬਾਬਾ ਬੁੱਢਾ ਜੀ, TDT City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 6380 | --- | --- | --- |
| ਗੁ: ਨਾਨਕ ਸੁਖਸ਼ਾਲਾ, ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 11717 | --- | --- | --- |
| ਐਜੂਕੇਸ਼ਨ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 247000 |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1950 | --- | --- | --- |
